People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 12 ਅਪਰੈਲ 2025 ਸਨਿੱਚਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## CM ਮਾਨ ਕੱਲ੍ਹ ਕਰਨਗੇ PAU ਵਿਖੇ 'ਸਰਕਾਰ-ਕਿਸਾਨ ਮਿਲਣੀ'

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਅੱਜ 12 ਅਪ੍ਰੈਲ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਆਪਣੀ ਕਿਸਮ ਦੀ ਨਿਵੇਕਲੀ 'ਸਰਕਾਰ-ਕਿਸਾਨ ਮਿਲਣੀ' ਦੌਰਾਨ ਸੂਬੇ ਦੇ ਕਿਸਾਨਾਂ ਨਾਲ ਸਿੱਧਾ ਸੰਵਾਦ ਰਚਾਉਣਗੇ। ਇਸ ਮਿਲਣੀ ਦਾ ਉਦੇਸ਼ ਕਿਸਾਨਾਂ ਨੂੰ ਪਾਣੀ ਦੀ ਘੱਟ ਖਪਤ ਵਾਲੀਆਂ ਝੋਨੇ ਦੀਆਂ ਕਿਸਮਾਂ ਨੂੰ ਅਪਣਾਉਣ ਲਈ ਉਤਸ਼ਾਹਤ ਕਰਨਾ ਹੈ ਤਾਂ ਕਿ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਨੂੰ ਬਚਾਇਆ ਜਾ ਸਕੇ।

ਇਹ ਕਿਸਾਨ ਮਿਲਣੀ ਸ਼ਨਿਚਰਵਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਹੋਵੇਗੀ ਜਿੱਥੇ 1100 ਤੋਂ ਵੱਧ ਕਿਸਾਨ ਸ਼ਿਰਕਤ ਕਰਨਗੇ। ਇਸ ਮੌਕੇ ਵੱਖ-ਵੱਖ ਸਟਾਲ ਵੀ ਲਾਏ ਜਾਣਗੇ ਜਿਨ੍ਹਾਂ ਰਾਹੀਂ ਕਿਸਾਨਾਂ ਨੂੰ ਸਰਕਾਰ ਦੁਆਰਾ ਖੇਤੀ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣੂੰ ਕਰਵਾਇਆ ਜਾਵੇਗਾ। ਇਸ ਵਿਸ਼ੇਸ਼ ਸਰਕਾਰ-ਕਿਸਾਨ ਮਿਲਣੀ ਦਾ ਮਨੋਰਥ ਝੋਨੇ ਦੀ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਕਿਸਾਨਾਂ ਨੂੰ ਪਾਣੀ ਦੀ ਘੱਟ ਖਪਤ ਵਾਲੀਆਂ ਝੋਨੇ ਦੀ ਫਸਲ ਬਾਰੇ ਜਾਗਰੂਕ ਕਰਨਾ ਹੈ।

ਇਸ ਮਿਲਣੀ ਦੌਰਾਨ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਲਈ ਪਾਣੀ ਦੀ ਘੱਟ ਖਪਤ ਵਾਲੀਆਂ ਤਕਨੀਕਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ। ਇਸ ਮੌਕੇ ਕਿਸਾਨਾਂ ਨੂੰ ਇਹ ਵੀ ਜਾਣਕਾਰੀ ਦਿੱਤੀ ਜਾਵੇਗੀ ਕਿ ਅਕਤੂਬਰ ਵਿੱਚ ਝੋਨਾ ਵੱਢਣ ਉਪਰੰਤ ਵੱਧ ਨਮੀ ਕਾਰਨ ਫਸਲ ਵੇਚਣ ਮੌਕੇ ਕਿਸਾਨਾਂ ਨੂੰ ਆਉਂਦੀਆਂ ਮੁਸ਼ਕਲਾਂ ਤੋਂ ਬਚਾਉਣ ਲਈ ਇਸ ਸਾਲ ਸੂਬਾ ਸਰਕਾਰ ਨੇ ਝੋਨੇ ਦੀ ਲੁਆਈ ਦਾ ਸੀਜ਼ਨ ਇਕ ਜੂਨ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਝੋਨੇ ਦੀ ਫਸਲ ਲਈ ਜੋਨ ਅਧਾਰਿਤ ਕਾਸ਼ਤ ਯਕੀਨੀ ਬਣਾਈ ਜਾਵੇਗੀ ਅਤੇ ਇਸ ਮਕਸਦ ਲਈ ਸੂਬਾ ਸਰਕਾਰ ਨੇ ਲੋੜੀਂਦੀ ਵਿਉਂਤਬੰਦੀ ਅਤੇ ਬੰਦੋਬਸਤ ਪਹਿਲਾਂ ਹੀ ਕਰ ਲਏ ਹਨ। ਝੋਨੇ ਦੀ ਲੁਆਈ ਨੂੰ ਅਸਰਦਾਰ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਸੂਬੇ ਨੂੰ



ਜੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਝੋਨੇ ਦੀ ਪੜਾਅਵਾਰ ਕਾਸ਼ਤ ਬਾਰੇ ਤਰੀਕਾਂ ਦਾ ਐਲਾਨ ਛੇਤੀ ਕੀਤਾ ਜਾਵੇਗਾ ਤਾਂ ਕਿ ਕਿਸਾਨ ਇਸ ਦਾ ਲਾਭ ਲੈ ਸਕਣ। ਸੂਬਾ ਸਰਕਾਰ ਇਸ ਮਿਲਣੀ ਦੌਰਾਨ ਖੇਤੀਬਾੜੀ ਮਾਹਿਰਾਂ ਨੂੰ ਵੀ ਨਾਲ ਜੋੜੇਗੀ ਤਾਂ ਕਿ ਇਸ ਦਾ ਫਾਇਦਾ ਕਿਸਾਨਾਂ ਨੂੰ ਮਿਲ ਸਕੇ। ਇਹ ਮਿਲਣੀ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਉਤੇ ਕੇਂਦਰਿਤ ਹੋਵੇਗੀ।

## US ਤੋਂ ਭਾਰਤ ਲਿਆਂਦੇ ਤਹੱਵੁਰ ਰਾਣੇ ਨੂੰ 18 ਦਿਨਾਂ ਦੀ NIA ਹਿਰਾਸਤ 'ਚ ਭੇਜਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ ਤਹੱਵੁਰ ਰਾਣਾ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ 18 ਦਿਨਾਂ ਦੀ NIA ਹਿਰਾਸਤ 'ਚ ਭੇਜ ਦਿੱਤਾ ਹੈ। ਏਜੰਸੀ ਨੇ ਅਦਾਲਤ ਤੋਂ 20 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਸੀ। ਵਿਸ਼ੇਸ਼ ਐਨਆਈਏ ਜੱਜ ਚੰਦਰਜੀਤ ਸਿੰਘ ਨੇ ਬੰਦ ਕਮਰੇ ਵਿੱਚ ਕੇਸ ਦੀ ਸੁਣਵਾਈ ਕੀਤੀ ਅਤੇ ਵੀਰਵਾਰ ਰਾਤ 2 ਵਜੇ ਫੈਸਲਾ ਸੁਣਾਇਆ।

64 ਸਾਲਾ ਤਹੱਵੁਰ ਰਾਣਾ (Tahavur Rane) ਨੂੰ ਕੱਲ੍ਹ ਅਮਰੀਕਾ ਤੋਂ ਭਾਰਤ ਲਿਆਂਦਾ ਗਿਆ ਸੀ। ਰਾਣਾ ਨੂੰ ਲੈ ਕੇ ਯੂਐਸ ਗਲਫਸਟ੍ਰੀਮ ਜੀ550 ਜਹਾਜ਼ ਵੀਰਵਾਰ ਸ਼ਾਮ ਕਰੀਬ 6:30 ਵਜੇ ਦਿੱਲੀ ਦੇ ਪਾਲਮ ਹਵਾਈ ਅੱਡੇ 'ਤੇ ਉਤਰਿਆ। ਜਿੱਥੇ ਉਸ ਦਾ ਮੈਡੀਕਲ ਚੈਕਅੱਪ ਹੋਇਆ, ਜਿਸ ਤੋਂ ਬਾਅਦ ਉਸ ਨੂੰ ਸਿੱਧੇ NIA ਹੈੱਡਕੁਆਰਟਰ ਲਿਜਾਇਆ ਗਿਆ।

ਭਾਰਤ ਪੁੱਜਣ ਤੋਂ ਬਾਅਦ ਰਾਣਾ ਦੀ ਪਹਿਲੀ ਤਸਵੀਰ ਵੀ ਸਾਹਮਣੇ ਆਈ ਹੈ, ਜਿਸ 'ਚ ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ.ਏ.) ਦੇ ਅਧਿਕਾਰੀ ਉਸ ਨੂੰ ਫੜੇ ਹੋਏ ਨਜ਼ਰ ਆ ਰਹੇ ਹਨ।

## ਪੰਜਾਬ ਕੈਬਨਿਟ ਨੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਹੱਦ ਵਧਾਈ

### ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੀਆਂ ਏਜੀ ਦਫ਼ਤਰ ਵਿੱਚ 25 ਫੀਸਦ ਸੀਟਾਂ ਨੂੰ ਭਰਨ ਲਈ ਲਿਆ ਫੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਕੈਬਨਿਟ ਨੇ ਅੱਜ ਮੈਡੀਕਲ ਕਾਲਜਾਂ ਦੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਦੀ ਉਮਰ ਹੁਣ 62 ਸਾਲ ਤੋਂ ਵਧਾ ਕੇ 65 ਸਾਲ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਅੱਜ ਹੋਏ ਇਸ ਫੈਸਲੇ ਦਾ ਕਰੀਬ 48 ਪ੍ਰੋਫੈਸਰਾਂ ਨੂੰ ਫਾਇਦਾ ਹੋਵੇਗਾ, ਜੋ ਆਉਦੇ ਦਿਨਾਂ ਵਿੱਚ ਸੇਵਾ ਮੁਕਤ ਹੋਣੇ ਹਨ। ਇਸ ਦੌਰਾਨ ਪੰਜਾਬ ਕੈਬਨਿਟ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੀਆਂ ਏਜੀ ਦਫ਼ਤਰ ਵਿੱਚ 25 ਫੀਸਦ ਸੀਟਾਂ ਨੂੰ ਭਰਨ ਦਾ ਫੈਸਲਾ ਲਿਆ ਹੈ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਹਸਪਤਾਲਾਂ ਵਿਚਲੇ ਮਾਹਿਰ ਡਾਕਟਰਾਂ ਦੀ ਸੇਵਾ ਮੁਕਤੀ ਦੀ ਉਮਰ ਹੱਦ 58 ਸਾਲ ਤੋਂ ਵਧਾ ਕੇ 65 ਸਾਲ ਕਰ ਦਿੱਤੀ ਗਈ ਹੈ। ਇਨ੍ਹਾਂ ਡਾਕਟਰਾਂ ਦੀ ਸੇਵਾ ਮੁਕਤੀ 58 ਸਾਲ ਤੋਂ ਹੋਣ ਬਾਅਦ ਉਨ੍ਹਾਂ ਨੂੰ ਮੁੜ ਠੇਕੇ ਅਧਾਰਿਤ ਭਰਤੀ ਕੀਤਾ ਜਾਵੇਗਾ।

ਪੰਜਾਬ ਕੈਬਨਿਟ ਨੇ ਅੱਜ ਐਡਵੋਕੇਟ ਜਨਰਲ ਦੇ ਦਫਤਰ ਵਿੱਚ ਤਾਇਨਾਤ ਹੋਣ ਵਾਲੇ ਰਾਖਵੇਂ ਵਰਗ ਦੇ ਲਾਅ ਅਫਸਰਾਂ ਲਈ ਆਮਦਨ ਦੀ ਸ਼ਰਤ ਵਿੱਚ ਸੋਧ ਕਰਦਿਆਂ ਇਸ ਨੂੰ ਘਟਾ ਕੇ ਅੱਧੀ ਕਰ ਦਿੱਤਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਏਜੀ ਦਫਤਰ ਵਿੱਚ ਤਾਇਨਾਤ ਹੋਣ ਵਾਲੇ ਐਸਸੀ ਅਤੇ ਐਸਟੀ ਵਰਗ ਦੇ 58 ਲਾਅ ਅਫਸਰਾਂ ਲਈ ਆਮਦਨ ਹੱਦ ਵਿੱਚ ਛੋਟ ਦਿੱਤੀ ਗਈ ਹੈ। ਮਿਸਾਲ ਵਜੋਂ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਵਾਸਤੇ ਆਮਦਨ 20 ਲੱਖ ਸਾਲਾਨਾ ਹੋਣੀ ਜ਼ਰੂਰੀ ਸੀ ਪਰ ਹੁਣ ਇਹ ਘਟਾ ਕੇ 10 ਲੱਖ ਕਰ ਦਿੱਤੀ ਗਈ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਆਮਦਨ ਦੀ ਸ਼ਰਤ ਸਖ਼ਤ ਹੋਣ ਕਰਕੇ 58



ਅਸਾਮੀਆਂ 'ਚੋਂ ਪਹਿਲਾਂ 15 ਖਾਲੀ ਰਹਿ ਗਈਆਂ ਸਨ। ਇਸੇ ਤਰ੍ਹਾਂ ਪੰਜਾਬ ਕੈਬਨਿਟ ਨੇ ਅੱਜ ਪੰਜਾਬ ਭਰ ਦੇ ਬਲਾਕ ਵਿਕਾਸ ਤੇ ਪੰਚਾਇਤ ਦਫਤਰਾਂ ਨੂੰ ਤਰਕਸੰਗਤ ਬਣਾਉਣ ਦਾ ਫੈਸਲਾ ਕੀਤਾ ਹੈ। ਜਿਹੜੇ ਬਲਾਕ ਇੱਕ ਤੋਂ ਵੱਧ ਹਲਕਿਆਂ ਵਿੱਚ ਪੈਂਦੇ ਹਨ, ਉਨ੍ਹਾਂ ਨੂੰ ਤਰਕਸੰਗਤ ਬਣਾਇਆ ਜਾਵੇਗਾ।

## ਮੈਲਬਰਨ ਵਿਚ ਭਾਰਤੀ ਕੌਂਸੁਲੇਟ ਦੀ ਮੁੜ ਭੰਨਤੋੜ

### ਹਾਈ ਕਮਿਸ਼ਨ ਨੇ ਆਸਟਰੇਲੀਅਨ ਅਥਾਰਿਟੀਜ਼ ਕੋਲ ਮਸਲਾ ਰੱਖਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਮੈਲਬਰਨ ਵਿਚ ਭਾਰਤੀ ਕੌਂਸੁਲੇਟ ਵਿਚ ਮੁੜ ਭੰਨਤੋੜ ਕੀਤੀ ਗਈ ਹੈ। ਕੈਨਬਰਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਇਹ ਮਸਲਾ ਆਸਟਰੇਲੀਅਨ ਅਥਾਰਿਟੀਜ਼ ਕੋਲ ਰੱਖਿਆ ਹੈ।

ਦਿ ਆਸਟਰੇਲੀਆ ਟੂਡੇ ਦੀ ਰਿਪੋਰਟ ਅਨੁਸਾਰ, ਮੈਲਬਰਨ ਵਿੱਚ ਭਾਰਤੀ ਕੌਂਸੁਲੇਟ 'ਚ ਪਹਿਲਾਂ ਵੀ ਅਜਿਹੀਆਂ ਭੜਕਾਊ ਕਾਰਵਾਈਆਂ ਦੇਖਣ ਨੂੰ ਮਿਲੀਆਂ ਹਨ। ਬੀਤੇ ਸਾਲਾਂ ਵਿਚ ਵੀ ਕੌਂਸੁਲੇਟ ਦੇ ਅਹਾਤੇ ਵਿਚ ਭਾਰਤ ਵਿਰੋਧੀ ਨਾਅਰੇ ਲਿਖੇ ਗਏ ਹਨ।

ਵਿਕਟੋਰੀਆ ਪੁਲੀਸ ਨੇ ਕਿਹਾ ਕਿ ਕੌਂਸੁਲੇਟ ਦੇ ਅਹਾਤੇ ਵਿਚ ਮੂਹਰਲੇ ਦਾਖਲਾ ਦੁਆਰ ਕੋਲ ਵੀਰਵਾਰ ਵੱਡੇ ਤੜਕੇ 1 ਵਜੇ ਦੇ ਕਰੀਬ ਭਾਰਤ ਵਿਰੋਧੀ ਨਾਅਰੇ ਲਿਖੇ ਮਿਲੇ। ਪੁਲੀਸ ਤਰਜਮਾਨ ਨੇ ਕਿਹਾ ਕਿ ਇਹ ਨਾਅਰੇ ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਲਿਖੇ ਹੋ ਸਕਦੇ ਹਨ ਤੇ ਮਾਮਲੇ ਦੀ ਜਾਂਚ ਜਾਰੀ ਹੈ।

ਭਾਰਤੀ ਹਾਈ ਕਮਿਸ਼ਨ ਨੇ ਐਕਸ 'ਤੇ ਇਕ ਪੋਸਟ ਵਿਚ ਇਹ ਪੂਰਾ ਮਾਮਲਾ ਆਸਟਰੇਲੀਅਨ ਅਥਾਰਿਟੀਜ਼ ਕੋਲ ਰੱਖਿਆ ਹੈ।

ਪੋਸਟ ਵਿੱਚ ਕਿਹਾ ਗਿਆ ਹੈ, "ਮੈਲਬਰਨ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਦੇ ਅਹਾਤੇ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਗਈ ਛੇੜਛਾੜ ਦੀ ਘਟਨਾ ਨੂੰ ਆਸਟਰੇਲਿਆਈ ਅਧਿਕਾਰੀਆਂ ਕੋਲ ਉਠਾਇਆ ਗਿਆ ਹੈ। ਦੇਸ਼ ਵਿੱਚ ਭਾਰਤੀ ਕੂਟਨੀਤਕਾਂ, ਕੌਂਸੁਲੇਟ ਅਹਾਤੇ ਅਤੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।"

ਉਧਰ ਪੁਲੀਸ ਨੇ ਅਜੇ ਤੱਕ ਕਿਸੇ ਮਸ਼ਕੂਕ ਦੀ ਪਛਾਣ ਕੀਤੇ ਜਾਣ ਦੀ ਪੁਸ਼ਟੀ ਨਹੀਂ ਕੀਤੀ ਹੈ। ਪੁਲੀਸ ਤਰਮਮਾਨ ਨੇ ਕਿਹਾ ਕਿ ਅਥਾਰਿਟੀਜ਼ ਨੇ ਇਸ ਘਟਨਾ ਬਾਰੇ ਕਿਸੇ ਤਰ੍ਹਾਂ ਦੀ ਜਾਰੀ ਰੱਖਣ ਵਾਲਿਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। -ਪੀਟੀਆਈ

## ਪੰਜਾਬ ਸਰਕਾਰ ਵੱਲੋਂ SC ਕਮਿਸ਼ਨ ਦੇ ਚਾਰ ਮੈਂਬਰ ਨਿਯੁਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਵੱਲੋਂ ਐਸ.ਸੀ. ਕਮਿਸ਼ਨ (SC Commission) ਦੇ ਚਾਰ ਨਵੇਂ ਗੈਰ-ਸਰਕਾਰੀ ਮੈਂਬਰ ਨਿਯੁਕਤ ਕੀਤੇ ਗਏ ਹਨ। ਜਿਸ ਵਿੱਚ ਸੰਗਰੂਰ ਤੋਂ ਗੁਲਜ਼ਾਰ ਸਿੰਘ, ਲਿੱਟਾਂਵਾਲੀ ਫਿਰੋਜ਼ਪੁਰ ਤੋਂ ਗੁਰਪ੍ਰੀਤ ਸਿੰਘ, ਅੰਮ੍ਰਿਤਸਰ ਤੋਂ ਰੋਹਿਤ ਖੋਖਰ ਅਤੇ ਆਦਰਸ਼ ਨਗਰ ਬਰਨਾਲਾ ਤੋਂ ਰੁਪਿੰਦਰ ਸਿੰਘ ਨੂੰ ਗੈਰ ਸਰਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ।



# ਕੈਬਨਿਟ ਮੰਤਰੀ ਹਰਪਾਲ ਚੀਮਾ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 41.28 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ

## ਨਸ਼ਿਆਂ ਦੇ ਖਾਤਮੇ ਲਈ ਨਾਗਰਿਕਾਂ ਤੋਂ ਸਰਗਰਮ ਸਹਿਯੋਗ ਮੰਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਸੰਗਰੂਰ,11 ਅਪ੍ਰੈਲ (ਜਗਸੀਰ ਸਿੰਘ)- ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਾਈ ਸਕੂਲ ਉਗਰਾਹਾਂ ਵਿਖੇ 41 ਲੱਖ 28 ਹਜ਼ਾਰ ਦੀ ਲਾਗਤ ਨਾਲ ਬਣਵਾਏ 3 ਤਿੰਨ ਕਲਾਸ ਰੂਮ ਅਤੇ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸਰਵੋਤਮ ਸੁਵਿਧਾਵਾਂ ਉਪਲਬਧ ਕਰਵਾਉਣ ਅਤੇ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਪੱਧਰ ਦਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੱਤਾ ਵਿੱਚ ਆਈ ਸੀ ਤਾਂ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਜਾਣਗੀਆਂ ਅਤੇ ਅਸੀਂ ਉਸ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਹਾਂ ਜਿਸ ਤਹਿਤ ਪਿਛਲੇ 3 ਸਾਲਾਂ ਅੰਦਰ ਅਨੇਕਾਂ ਸਿੱਖਿਆ ਪ੍ਰੋਜੈਕਟ ਸਫ਼ਲਤਾ ਨਾਲ ਲਾਗੂ ਕੀਤੇ ਗਏ ਹਨ ਅਤੇ ਆਉਂਦੇ 2 ਸਾਲਾਂ ਅੰਦਰ ਹੋਰ ਮਿਸਾਲੀ ਕਾਰਜ ਕਰਵਾਏ ਜਾਣਗੇ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਤਿ ਆਧੁਨਿਕ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਵਿਸ਼ਾ ਆਧਾਰਿਤ ਲੈਬ, ਨਵੇਂ ਕਲਾਸਰੂਮ, ਲਾਇਬ੍ਰੇਰੀਆਂ, ਖੇਡ ਮੈਦਾਨ, ਬੈਂਚ ਤੇ ਹੋਰ ਫਰਨੀਚਰ ਮੁਹੱਈਆ ਕਰਵਾਇਆ ਗਿਆ ਹੈ ਜਿਸ ਨਾਲ ਸਕੂਲਾਂ ਦਾ ਕਾਇਆ ਕਲਪ ਹੋਇਆ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਤਾਂ ਜ਼ੋ ਆਉਣ ਵਾਲੇ ਸਮੇਂ ਵਿੱਚ ਬੱਚੇ ਵੀ ਆਪਣੀ ਕਾਬਲੀਅਤ ਨਾਲ ਨਾ ਕੇਵਲ ਸਕੂਲ ਬਲਕਿ ਸੂਬੇ ਦਾ ਨਾਮ ਰੌਸ਼ਨ ਕਰਨ ਦੇ ਸਮਰੱਥ ਬਣ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 118 ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਫਿਨਲੈਂਡ, ਸਿੰਘਾਪੁਰ ਆਦਿ ਵਿੱਚ ਵਿਦਿਅਕ ਦੌਰੇ ਕਰਵਾਏ ਗਏ ਹਨ ਤਾਂ ਜ਼ੋ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਪੜ੍ਹਾਈ ਕਰਵਾਈ ਜਾ ਸਕੇ।ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਦੌਰਾਨ ਦਿੜ੍ਹਬਾ ਹਲਕੇ ‘ਤੇ ਲੱਗਿਆ ਪਛੜੇਪਣ ਦਾ ਦਾਗ ਮਾਨ ਸਰਕਾਰ ਵੱਲੋਂ ਵਿਕਾਸ ਕਾਰਜਾਂ ਦੀ ਹਨੇਰੀ ਨਾਲ ਪੂਰੀ ਤਰ੍ਹਾਂ ਮਿਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤਾਂ ਪਿੰਡਾਂ ਦਾ ਵਿਕਾਸ ਕਰ ਰਹੀਆਂ ਹਨ ਅਤੇ ਨਗਰ ਪੰਚਾਇਤਾਂ ਦੇ ਸਰਗਰਮ ਅਹੁਦੇਦਾਰਾਂ ਰਾਹੀਂ ਸ਼ਹਿਰੀ ਵਿਕਾਸ ਜੋਸ਼ੋ ਖਰੋਸ਼ ਨਾਲ ਚੱਲ ਰਿਹਾ ਹੈ। ਉਨ੍ਹਾਂ ਨੇ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ‘ਯੁੱਧ ਨਸ਼ਿਆਂ ਵਿਰੁੱਧ ਮੁਹਿੰਮ’ ਵਿੱਚ ਸਭ ਨਾਗਰਿਕਾਂ ਨੂੰ ਵਧ ਚੜ੍ਹ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਵੱਧ ਤੋਂ ਵੱਧ ਸਮੇਂ ਨੂੰ ਪੜ੍ਹਾਈ ਵਿੱਚ ਲਗਾਇਆ ਜਾਵੇ ਕਿਉਂਕਿ ਪੜ੍ਹਾਈ ਨਾਲ ਕੋਈ ਵੀ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਮਾਪਿਆਂ ਤੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਹੁਨਰ ਦੀ ਪਛਾਣ ਕਰਨ ਅਤੇ ਦਿਲਚਸਪੀ ਲੈ ਕੇ ਅਣਤਰਾਸ਼ੇ ਹੀਰਿਆਂ ਨੂੰ ਤਰਾਸ਼ਣ ਵਿੱਚ ਵਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਨੇ ਸਕੂਲ ਦੇ ਚੌਗਿਰਦੇ ਨੂੰ ਖ਼ੂਬਸੂਰਤ ਤੇ ਹਰਿਆਵਲ ਭਰਪੂਰ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਹਾਈ ਸਕੂਲ ਉਗਰਾਹਾਂ ਦੇ ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਅਤੇ ਸਕੂਲ ਇੰਚਾਰਜ ਵੱਲੋਂ ਸਕੂਲ ਦੀਆਂ ਹੋਰ ਅਹਿਮ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਦੌਰਾਨ ਚੇਅਰਮੈਨ ਨਗਰ ਸੁਧਾਰ ਟਰੱਸਟ ਹਰਪ੍ਰੀਤ ਸਿੰਘ ਪੀਤੂ, ਐਸ.ਡੀ.ਐਮ ਸੁਨਾਮ ਪ੍ਰਮੋਦ ਸਿੰਗਲਾ, ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਐਸ.ਪੀ ਨਵਰੀਤ ਸਿੰਘ ਵਿਰਕ, ਡੀ.ਐਸ.ਪੀ ਰੁਪਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਵਿੰਦਰ ਕੌਰ, ਹੈਡ ਮਿਸਟਰੈਸ ਸੁਖਬੀਰ ਕੌਰ, ਬਲਾਕ ਨੋਡਲ ਅਫਸਰ ਚੀਮਾ ਬਿਪਨ ਚਾਵਲਾ, ਬਲਾਕ ਨੋਡਲ ਅਫਸਰ ਸੁਨਾਮ—1 ਮਨੀਸ਼ਾ ਮਹਿਤਾ, ਸਰਪੰਚ ਗੁਰਪ੍ਰੀਤ ਸਿੰਘ ਸਿੱਧੂ ਸਮੇਤ ਅਧਿਆਪਕ, ਵਿਦਿਆਰਥੀ ਤੇ ਪਿੰਡ ਵਾਸੀ ਹਾਜ਼ਰ ਸਨ।

# ਦਿੱਲੀ ਗੁਰਦੁਆਰਾ ਚੋਣਾਂ: ਨਵੀਂ ਵੋਟਰ ਸੂਚੀ ਲਈ ਸਮਾਂ-ਸੀਮਾ ਯਕੀਨੀ ਬਣਾਉਣ ਮੁੱਖ ਸਕੱਤਰ : ਦਿੱਲੀ ਹਾਈ ਕੋਰਟ

## ਵਾਰ-ਵਾਰ ਹੁਕਮਾਂ ਦੇ ਬਾਵਜੂਦ ਦਿੱਲੀ ਦੇ ਗੁਰਦੁਆਰਾ ਵਾਰਡਾਂ ਦੀਆਂ ਨਵੀਆਂ ਫੋਟੋ ਵੋਟਰ ਸੂਚੀਆਂ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਨਾ ਹੋਣ ਕਾਰਨ ਜੱਜ ਗੰਭੀਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਮੁੱਖ ਸਕੱਤਰ ਨੂੰ ਅਗੱਸਤ ’ਚ ਹੋਣ ਵਾਲੀਆਂ ਗੁਰਦੁਆਰਾ ਚੋਣਾਂ ਲਈ ਨਵੀਂ ਵੋਟਰ ਸੂਚੀ ਤਿਆਰ ਕਰਨ ਲਈ ਇਕ ਖਾਸ ਸਮਾਂ-ਸੀਮਾ ’ਤੇ ਕਾਇਮ ਰਹਿਣ ਨੂੰ ਯਕੀਨੀ ਬਣਾਉਣ ਦੇ ਹੁਕਮ ਦਿਤੇ ਹਨ। ਅਦਾਲਤ ਨੇ ਕਿਹਾ ਕਿ ਵੋਟਿੰਗ ਪ੍ਰਕਿਰਿਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯਮਾਂ ਅਨੁਸਾਰ ਹੋਵੇਗੀ।

ਹਾਈ ਕੋਰਟ ਨੇ ਦਿੱਲੀ ਦੇ ਮੁੱਖ ਸਕੱਤਰ ਨੂੰ ਗੁਰਦੁਆਰਾ ਚੋਣਾਂ ਡਾਇਰੈਕਟੋਰੇਟ ਲਈ ਲੋੜੀਂਦੀ ਮਨੁੱਖੀ ਸ਼ਕਤੀ ਨੂੰ ਯਕੀਨੀ ਬਣਾਉਣ ਦੇ ਹੁਕਮ ਦਿਤੇ ਤਾਂ ਜੋ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਹੋਈ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਪੂਰੀ ਹੋ ਗਈ।

ਜਸਟਿਸ ਮਿੰਨੀ ਪੁਸ਼ਕਰਨਾ ਨੇ ਇਸ ਤੱਥ ਨੂੰ ਗੰਭੀਰਤਾ ਨਾਲ ਲਿਆ ਕਿ ਵਾਰ-ਵਾਰ ਹੁਕਮਾਂ ਦੇ ਬਾਵਜੂਦ ਦਿੱਲੀ ਦੇ ਗੁਰਦੁਆਰਾ ਵਾਰਡਾਂ ਦੀਆਂ ਨਵੀਆਂ ਫੋਟੋ ਵੋਟਰ ਸੂਚੀਆਂ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ।

ਅਦਾਲਤ ਨੇ 8 ਅਪ੍ਰੈਲ ਦੇ ਅਪਣੇ ਹੁਕਮ ’ਚ ਕਿਹਾ ਸੀ ਕਿ ‘ਜੀ.ਐਨ.ਸੀ.ਟੀ.ਡੀ. ਦੇ ਮੁੱਖ ਸਕੱਤਰ ਇਹ ਯਕੀਨੀ ਬਣਾਉਣਗੇ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਵੋਟਰਾਂ ਦੀ ਰਜਿਸਟ੍ਰੇਸ਼ਨ) ਨਿਯਮ, 1973 ਦੇ ਅਨੁਸਾਰ 46 ਵਾਰਡਾਂ ਦੀ ਨਵੀਂ ਫੋਟੋ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਸਬੰਧਤ ਅਧਿਕਾਰੀਆਂ ਵਲੋਂ ਇਕ ਵਿਸ਼ੇਸ਼ ਸਮਾਂ-ਸੀਮਾ ਮੁਹੱਈਆ ਕਰਵਾਈ ਜਾਵੇ।’

ਸ. ਗੁਰਮੀਤ ਸਿੰਘ ਸ਼ੰਟੀ ਅਤੇ ਸ. ਪਰਮਜੀਤ ਸਿੰਘ ਖੁਰਾਣਾ ਨੇ ਅਦਾਲਤ ਤੋਂ ਮੰਗ ਕੀਤੀ ਕਿ ਉਹ ਅਧਿਕਾਰੀਆਂ ਨੂੰ ਸਾਰੇ ਵਾਰਡਾਂ ਲਈ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਅਤੇ ਮੁਕੰਮਲ ਕਰਨ ਲਈ ਹੁਕਮ ਦੇਣ। ਪਟੀਸ਼ਨ ’ਚ ਕਿਹਾ ਗਿਆ ਹੈ ਕਿ 2022 ’ਚ ਅਦਾਲਤ ਦੇ ਸਪੱਸ਼ਟ ਨਿਰਦੇਸ਼ਾਂ ਦੇ ਬਾਵਜੂਦ ਨਵੀਂ ਵੋਟਰ ਸੂਚੀ ਤਿਆਰ ਨਹੀਂ ਕੀਤੀ ਗਈ।

ਹਾਈ ਕੋਰਟ ਨੇ 8 ਅਪ੍ਰੈਲ ਨੂੰ ਗੁਰਦੁਆਰਾ ਚੋਣ ਡਾਇਰੈਕਟੋਰੇਟ, ਉਪ ਰਾਜਪਾਲ ਅਤੇ ਹੋਰਾਂ ਨੂੰ ਉਸ ਪਟੀਸ਼ਨ ’ਤੇ ਨੋਟਿਸ ਜਾਰੀ ਕੀਤਾ ਸੀ, ਜਿਸ ’ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ ’ਚ ਸੁਧਾਰ ਲਈ ਲੰਮੇ ਸਮੇਂ ਤੋਂ ਕਾਰਵਾਈ ਨਾ ਕਰਨ ’ਤੇ ਚਿੰਤਾ ਜ਼ਾਹਰ ਕੀਤੀ ਗਈ ਸੀ।

ਮੁੱਖ ਸਕੱਤਰ ਨੂੰ ਚਾਰ ਹਫ਼ਤਿਆਂ ਦੇ ਅੰਦਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੇ ਹੁਕਮ ਦਿਤੇ ਗਏ ਹਨ, ਜਿਸ ਤੋਂ ਬਾਅਦ ਮੀਟਿੰਗ ਦੇ ਵੇਰਵੇ ਅਦਾਲਤ ’ਚ ਦਾਇਰ ਕੀਤੇ ਜਾਣਗੇ। ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਵਕੀਲ ਨੇ ਕਿਹਾ ਕਿ ਨਵੀਂ ਵੋਟਰ ਸੂਚੀ ਤਿਆਰ ਕਰਨ ਲਈ ਘੱਟੋ ਘੱਟ 12 ਮਹੀਨਿਆਂ ਦੀ ਲੋੜ ਹੈ।

ਪਟੀਸ਼ਨਕਰਤਾਵਾਂ ਦੇ ਵਕੀਲ ਨੇ ਇਸ ਦਲੀਲ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਫੋਟੋਆਂ ਵਾਲੀਆਂ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਲਈ ਸਿਰਫ ਪੰਜ ਮਹੀਨਿਆਂ ਦੀ ਲੋੜ ਹੈ, ਜਿਵੇਂ ਕਿ 2022 ਦੇ ਫੈਸਲੇ ’ਚ ਦਰਜ ਕੀਤਾ ਗਿਆ ਹੈ। ਅਦਾਲਤ ਨੂੰ ਦਸਿਆ ਗਿਆ ਕਿ ਡਾਇਰੈਕਟੋਰੇਟ ਆਫ ਗੁਰਦੁਆਰਾ ਇਲੈਕਸ਼ਨਜ਼ ਨੇ ਅਜੇ ਨਵੀਂ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਹੈ ਅਤੇ ਇਸ ਮਕਸਦ ਲਈ ਅਧਿਕਾਰੀਆਂ ਦੀ ਤਾਇਨਾਤੀ ਦੀ ਬੇਨਤੀ ਕਰਨ ਦੇ ਪੜਾਅ ’ਤੇ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ।

# ਸਾਰੇ ਪੰਜਾਬ ਵਿੱਚ ਰਾਤ ਨੂੰ ਨਾਕੇ ਲਗਾ ਕੇ ਚੈਕਿੰਗ ਕੀਤੀ ਜਾ ਰਹੀ: ਡੀਜੀਪੀ ਗੌਰਵ ਯਾਦਵ

## ਪੰਜਾਬ ਪੁਲਿਸ ਦਾ ਕੋਈ ਵੀ ਮੁਲਾਜ਼ਮ ਡਰੱਗ ਵਿੱਚ ਪਾਇਆ ਗਿਆ ਤਾਂ ਉਸ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ-ਡੀਜੀਪੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਜਲੰਧਰ: ਪੰਜਾਬ ਪੁਲਿਸ ਵੱਲੋਂ ਵੱਡਾ ਐਕਸ਼ਨ ਲਿਆ ਗਿਆ ਹੈ।ਪੰਜਾਬ ਪੁਲਿਸ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆ ਵਿੱਚ ਰਾਤ ਨੂੰ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਮੌਕੇ ਜਲੰਧਰ ਵਿਖੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਪਹੁੰਚੇ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਿਸਾਖੀ ਨੂੰ ਮੱਦੇਨਜ਼ਰ ਵੀ ਵਾਹਨ ਚੈੱਕ ਕੀਤੇ ਜਾ ਰਹੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਹੈ ਕਿ ਪਾਕਿਸਤਾਨ ਵਿਚਲੀ ਆਈਐਸਆਈ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਸ ਲਈ ਅਸੀ ਪੂਰੀ ਤਰ੍ਹਾਂ ਸਾਵਧਾਨ ਹਾਂ। ਉਨ੍ਹਾਂ ਨੇਕਿਹਾ ਹੈ ਕਿ ਸਾਡਾ ਸਾਰੀਆਂ ਏਜੰਸੀਆਂ ਨਾਲ ਤਾਲਮੇਲ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਨਸ਼ਾ ਤਸਕਰ ਫੜਨ ਨਾਲ ਡਰੱਗ ਦੀ ਕੀਮਤ ਵੱਧ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਪੁਲਿਸ ਨਸ਼ੇ ਦੀ ਚੇਨ ਨੂੰ ਖਤਮ ਕਰਕੇ ਰਹੇਗੀ।

ਗੌਰਵ ਯਾਦਵ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਾਡਾ ਸਹਿਯੋਗ ਦਿਓ ਅਤੇ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਪੰਜਾਬ ਪੁਲਿਸ ਦਾ ਕੋਈ ਵੀ ਮੁਲਾਜ਼ਮ ਡਰੱਗ ਵਿੱਚ ਪਾਇਆ ਗਿਆ ਤਾਂ ਉਸ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮੁਲਾਜ਼ਮ ਨੇਤਾਵਾਂ ਨੇ ਸਾਬਕਾ ਮੰਤਰੀ ਜੋੜੇ ਮਾਜਰਾ ਵੱਲੋਂ ਅਧਿਆਪਕਾਂ ਖਿਲਾਫ ਵਰਤੀ ਗਈ ਜਗੀਰੂ ਸ਼ਬਦਾਵਲੀ ਦੀ ਕੀਤਾ ਜ਼ੋਰਦਾਰ ਨਿੰਦਾ

## ਅਧਿਆਪਕਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਦਾ ਫੈਸਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਮੋਰਿੰਡਾ 10 ਅਪ੍ਰੈਲ (ਪਤਰ ਪ੍ਰੇਰਕ ) ਸਾਬਕਾ ਮੰਤਰੀ ਅਤੇ ਸਮਾਣਾ ਦੇ ਆਪ ਵਿਧਾਇਕ ਚੇਤਨ ਸਿੰਘ ਜੋੜਾ ਮਾਜਰਾ ਵੱਲੋਂ 7 ਅਪ੍ਰੈਲ ਨੂੰ ਸਮਾਣਾ ਦੇ ਸਰਕਾਰੀ ਸਕੂਲ ਦੀ ਸਟੇਜ ਤੋਂ ਅਧਿਆਪਕਾਂ ਖਿਲਾਫ ਵਰਤੀ ਗਈ ਸ਼ਬਦਾਵਲੀ, ਅਧਿਆਪਕ ਵਰਗ ਨੂੰ ਜਲੀਲ ਕਰਨ ਦੀ ਜ਼ੋਰਦਾਰ ਨਿਖੇਦੀ ਕਰਦਿਆਂ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਹਿਮਾ ਸਿੰਘ ਧਨੌਲਾ, ਜਨਰਲ ਸਕੱਤਰ ਪਵਨ ਮੋਂਗਾ, ਸਰਪ੍ਰਸਤ ਹਰਜੀਤ ਸਿੰਘ ਵਾਲੀਆ, ਮੀਤ ਪ੍ਰਧਾਨ ਦੀਦਾਰ ਸਿੰਘ ਢਿੱਲੋਂ ਆਗੂਆਂ ਨੇ ਕਿਹਾ ਕਿ ਇਹ ਸਰਕਾਰ ਦੇ ਅਖੌਤੀ ਇਨਕਲਾਬ ਦੀ ਦੇਣ ਹੈ ਕਿਉਂਕਿ ਪੰਜਾਬ ਦੇ ਸਮੁੱਚੇ ਅਧਿਆਪਕਾਂ ਤੇ ਮੁਲਾਜ਼ਮਾਂ ਨੇ ਸਰਕਾਰ ਦੀਆਂ ਖੋਖਲੀਆਂ ਨੀਤੀਆਂ ਦਾ ਪੜਦਾ ਲੀਰੋ ਲੀਰ ਕਰ ਦਿੱਤਾ ਹੈ, ਇਹਨਾਂ ਕਿਹਾ ਕਿ ਇੱਕ ਪਾਸੇ ਨਵੀਂ ਸਿੱਖਿਆ ਨੀਤੀ ਜੋ ਕਾਰਪੋਰੇਟਾਂ ਦਾ ਪੱਖ ਪੂਰਦੀ ਹੈ ਨੂੰ ਪੰਜਾਬ ਦੀ ਸਰਕਾਰ ਸਿੱਖਿਆ ਕ੍ਰਾਂਤੀ ਦੀ ਆੜ ਹੇਠ ਲਾਗੂ ਕਰਕੇ ਕਾਰਪੋਰੇਟਾਂ ਦਾ ਥੱਪੜਾ ਲੈਣਾ ਚਾਹੁੰਦੀ ਹੈ, ਕਿਉਂਕਿ ਸਰਕਾਰ ਨੂੰ ਪਤਾ ਹੈ ਵੀ ਜਦੋਂ ਇਹ ਨਵੀਂ ਸਿੱਖਿਆ ਨੀਤੀ ਮੁਕੰਮਲ ਤੌਰ ਤੇ ਲਾਗੂ ਹੋਣੀ ਹੈ ਤਾਂ ਪੰਜਾਬ ਦੇ ਗਰੀਬ ਲੋਕਾਂ ਤੋਂ ਵਿਦਿਆ ਦਾ ਅਧਿਕਾਰ ਖੋਹਿਆ ਜਾਣਾ ਹੈ, ਇਸੇ ਕਾਰਨ ਬੁੱਧੀਜੀਵੀ ਤਬਕੇ ਨੂੰ ਡਰਾ ਧਮਕਾ ਕੇ ਜਾਂ ਤਾਂ ਜੇਲਾਂ ਵਿੱਚ ਸੁੱਟ ਕੇ ਚੁੱਪ ਕਰਾਇਆ ਜਾ ਰਿਹਾ ਹੈ। ਇਹਨਾਂ ਆਗੂਆਂ ਨੇ ਅਧਿਆਪਕ ਜਥੇਬੰਦੀਆਂ ਵੱਲੋਂ ਆਪਣੇ ਅਧਿਆਪਕਾਂ ਵਰਗ ਦੇ ਮਾਣ ਸਨਮਾਨ ਨੂੰ ਕਾਇਮ ਰੱਖਣ, ਬੋਲਣ ਦੀ ਆਜ਼ਾਦੀ ਤੇ ਪਹਿਰਾ ਦੇਣ , ਅਤੇ ਨਵੀਂ ਸਿੱਖਿਆ ਨੀਤੀ ਵਿਰੁੱਧ ਕੀਤੇ ਜਾ ਰਹੇ ਅਰਥੀ ਫੂਕ ਮੁਜਾਰਿਆਂ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ , ਅਰਥੀ ਫੂਕ ਮੁਜਾਰੇਆ ਵਿੱਚ ਫੀਲਡ ਦੇ ਮੁਲਾਜ਼ਮ ਵੀ ਸ਼ਮੂਲੀਅਤ ਕਰਨਗੇ।

# ਅਧਿਆਪਕ ਜਥੇਬੰਦੀਆਂ ਨੇ ਮਸਲਿਆਂ ਦੇ ਹੱਲ ਲਈ ਸਿੱਖਿਆ ਮੰਤਰੀ ਵੱਲ ਭੇਜਿਆ 'ਮੰਗ ਪੱਤਰ'

- ਮੰਗਾਂ ਹੱਲ ਨਾ ਹੋਣ 'ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਕੱਢਿਆ ਜਾਵੇਗਾ 'ਚੇਤਾਵਨੀ ਮਾਰਚ'
- 3704 ਅਤੇ 6635 ਭਰਤੀਆਂ ਦੀ ਰਿਕਾਸਟ ਸੂਚੀ 'ਚੋਂ ਬਾਹਰ ਕੀਤੇ ਅਧਿਆਪਕਾਂ ਦਾ ਭਵਿੱਖ ਹੋਵੇ ਸੁਰੱਖਿਅਤ
- 10 ਮਈ ਨੂੰ ਲੁਧਿਆਣਾ (ਪੱਛਮੀ) ਵਿੱਚ ਅਧਿਆਪਕਾਂ ਵੱਲੋਂ ਵਿਸ਼ਾਲ ਰੋਸ ਰੈਲੀ ਦੀ ਚੇਤਾਵਨੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਸੰਗਰੂਰ, 11 ਅਪ੍ਰੈਲ, 2025: ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਅਧਿਆਪਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ-ਮਸਲਿਆਂ ਦਾ ਵਾਜਿਬ ਹੱਲ ਨਾ ਕਰਨ ਦੇ ਨਾਲ-ਨਾਲ ਰੀਕਾਸਟ ਸੂਚੀਆਂ ਦੇ ਨਾਂ ਹੇਠ ਨਵੀਂ ਮੈਰਿਟ ਵਿੱਚੋਂ 3704 ਮਾਸਟਰ ਅਤੇ 6635 ਈਟੀਟੀ ਭਰਤੀਆਂ ਦੇ ਸੈਕੜੇ ਅਧਿਆਪਕਾਂ ਨੂੰ ਬਾਹਰ ਕਰਕੇ ਗਹਿਰੀ ਪ੍ਰੇਸ਼ਾਨੀ ਵਿੱਚ ਧੱਕ ਦਿੱਤਾ ਗਿਆ ਹੈ। ਇੱਕ ਜੁੱਟ ਹੋ ਕੇ ਸੰਘਰਸ਼ ਕਰਨ ਦੇ ਫੈਸਲੇ ਤਹਿਤ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐਫ.), 6635 ਈ.ਟੀ.ਟੀ. ਟੀਚਰਜ਼ ਯੂਨੀਅਨ, 4161 ਮਾਸਟਰ ਕਾਡਰ ਯੂਨੀਅਨ ਵੱਲੋਂ ਅੱਜ ਡੀਟੀਐਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਦੀ ਅਗਵਾਈ ਹੇਠ ਡੀਈਓ (ਸੈਕੰਡਰੀ) ਸੰਗਰੂਰ ਮੈਡਮ ਤਰਵਿੰਦਰ ਕੌਰ ਅਤੇ ਡਿਪਟੀ ਡੀਈਓ (ਐਲੀਮੈਂਟਰੀ) ਮੈਡਮ ਰਵਿੰਦਰ ਕੌਰ ਰਾਹੀਂ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲ 'ਮੰਗ ਪੱਤਰ' ਭੇਜੇ ਗਏ। ਮੰਗਾਂ ਦਾ ਵਾਜਿਬ ਹੱਲ ਨਾ ਹੋਣ 'ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ 'ਚੇਤਾਵਨੀ ਮਾਰਚ' ਕੱਢਣ ਅਤੇ 10 ਮਈ ਨੂੰ ਲੁਧਿਆਣਾ (ਪੱਛਮੀ) ਹਲਕੇ ਵਿੱਚ




ਅਧਿਆਪਕਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨ ਦੀ ਚੇਤਾਵਨੀ ਦਿੱਤੀ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਡੀ.ਟੀ.ਐਫ. ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, 6635 ਈ.ਟੀ.ਟੀ. ਯੂਨੀਅਨ ਦੇ ਦੀਪ ਬਨਾਰਸੀ, 4161 ਮਾਸਟਰ ਯੂਨੀਅਨ ਦੇ ਸੰਦੀਪ ਗਿੱਲ ਅਤੇ 3704 ਭਰਤੀ ਦੇ ਗਗਨਦੀਪ ਕੁਮਾਰ ਨੇ ਮੰਗ ਕੀਤੀ ਕਿ ਨਿਯੁਕਤੀ ਸੂਚੀਆਂ ਰਿਕਾਸਟ ਹੋਣ ਕਾਰਨ ਸੂਚੀ ਵਿੱਚੋਂ ਬਾਹਰ ਕੀਤੇ ਵੱਖ-ਵੱਖ ਕਾਡਰਾਂ ਦੇ ਸੈਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ। ਇਸ ਮਾਮਲੇ ਵਿੱਚ 3704 ਕਾਡਰ ਨੂੰ ਜਾਰੀ ਨੋਟਿਸ ਮੁੱਢੋਂ ਰਦ ਕੀਤੇ ਜਾਣ ਦੀ ਵੀ ਪੁਰਜ਼ੋਰ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਰੀਕਾਸਟ ਸੂਚੀਆਂ ਦੇ ਨਾਂ ਹੇਠ ਜੇਕਰ ਕਿਸੇ ਵੀ ਅਧਿਆਪਕ ਦੀ ਨੌਕਰੀ 'ਤੇ ਕੋਈ ਖਤਰਾ ਖੜ੍ਹਾ ਕੀਤਾ ਗਿਆ ਤਾਂ ਅਧਿਆਪਕਾਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਆਪਣੇ ਘਰਾਂ ਤੋਂ ਸੈਕੜੇ ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੇ 6635 ਈਟੀਟੀ, 4161 ਤੇ 2392 ਮਾਸਟਰ, ਪੱਖਪਾਤੀ ਸਟੇਸ਼ਨ ਚੋਣ ਨੀਤੀ ਦਾ ਸ਼ਿਕਾਰ ਈਟੀਟੀ ਤੋਂ ਮਾਸਟਰ ਅਤੇ ਮਾਸਟਰ ਤੋਂ ਲੈਕਚਰਾਰ ਪ੍ਰੋਮੋਟਡ ਅਧਿਆਪਕਾਂ ਅਤੇ ਛੋਟ ਪ੍ਰਾਪਤ ਕੈਟੇਗਰੀਆਂ ਲਈ ਬਿਨਾਂ ਸ਼ਰਤ ਬਦਲੀ ਦਾ ਵਿਸ਼ੇਸ਼ ਮੌਕਾ ਦੇਣ ਅਤੇ ਬਾਕੀ ਅਧਿਆਪਕਾਂ ਲਈ ਵੀ 'ਆਮ ਬਦਲੀਆਂ-2025' ਦੀ ਪ੍ਰੀਕਿਰਿਆ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਮੰਗ ਕੀਤੀ ਕਿ ਪੀਟੀਆਈ ਅਤੇ ਆਰਟ ਕਰਾਫਟ ਅਧਿਆਪਕਾਂ ਦੀ ਤਨਖ਼ਾਹ ਰਿਵਿਜ਼ਨ ਕਰਕੇ ਕਟੌਤੀ ਕਰਨ ਦੇ ਗੈਰ ਵਾਜਿਬ ਅਤੇ ਮਾਰੂ ਫੈਸਲੇ ਨੂੰ ਮੁੱਢੋਂ ਰੱਦ ਕੀਤਾ ਜਾਵੇ, ਅਧਿਆਪਕ ਸਾਥੀ ਨਰਿੰਦਰ ਭੰਡਾਰੀ, ਡਾ. ਰਵਿੰਦਰ ਕੰਬੋਜ਼, ਓਡੀਐੱਲ ਅਧਿਆਪਕਾਂ ਅਤੇ 7654 ਹਿੰਦੀ ਵਿਸ਼ੇ ਦੇ ਅਧਿਆਪਕਾਂ ਵਿੱਚੋਂ ਪੈਂਡਿੰਗ ਰੈਗੂਲਰ ਆਰਡਰ ਜਾਰੀ ਕੀਤੇ ਜਾਣ। ਇਸ ਦੇ ਨਾਲ ਹੀ ਅਧਿਆਪਕਾਂ ਦੇ ਸਾਰੇ ਕਾਡਰਾਂ ਦੀਆਂ ਰਹਿੰਦਿਆਂ ਤਰੱਕੀਆਂ ਬਿਨਾਂ ਕਿਸੇ ਪੱਖਪਾਤ ਸਾਰੇ ਖਾਲੀ ਸਟੇਸ਼ਨਾਂ ਲਈ ਮੁਕੰਮਲ ਕੀਤੀਆਂ ਜਾਣ। 180 ਈ.ਟੀ.ਟੀ. (4500 ਈ.ਟੀ.ਟੀ.) ਅਧਿਆਪਕਾਂ ਦੀ ਚਾਰ ਸਾਲ ਦੀ ਮੁੱਢਲੀ ਸਰਵਿਸ ਨੂੰ ਬਹਾਲ ਕਰਕੇ ਪੁਰਾਣੇ ਤਨਖਾਹ ਸਕੇਲ ਮੁੜ ਲਾਗੂ ਕੀਤੇ ਜਾਣ। ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਸਮੂਹ ਕੱਚੇ ਅਧਿਆਪਕਾਂ ਅਤੇ ਸਮੱਗਰਾ ਅਧੀਨ ਨਾਨ ਟੀਚਿੰਗ ਨੂੰ ਸਿੱਖਿਆ ਵਿਭਾਗ ਵਿਚ ਰੈਗੂਲਰ ਕੀਤਾ ਜਾਵੇ। 5994 ਈਟੀਟੀ ਦੇ ਨਿਯੁਕਤੀ ਪੱਤਰ ਪ੍ਰਾਪਤ ਅਧਿਆਪਕਾਂ ਨੂੰ ਸਕੂਲਾਂ ਵਿੱਚ ਹਾਜ਼ਰ ਕਰਵਾਇਆ ਜਾਵੇ। 4161 ਅਤੇ 3582 ਨੂੰ ਟ੍ਰੇਨਿੰਗ ਲੱਗਣ ਦੀਆਂ ਮਿਤੀਆਂ ਤੋਂ ਸਾਰੇ ਆਰਥਿਕ ਤੇ ਬਾਕੀ ਪੈਂਡਿੰਗ ਲਾਭ ਹਕੀਕੀ ਰੂਪ ਵਿੱਚ ਲਾਗੂ ਕੀਤੇ ਜਾਣ। ਪੁਰਸ਼ ਅਧਿਆਪਕਾਂ ਨੂੰ 10 ਅਤੇ 20 ਸਾਲ ਦੀ ਸਰਵਿਸ ਉਪਰੰਤ ਅਚਨਚੇਤ ਛੁੱਟੀਆਂ ਵਿੱਚ ਵਾਧੇ ਮੌਕੇ ਠੇਕਾ ਅਧਾਰਿਤ ਨੌਕਰੀ ਦੇ ਸਮੇਂ ਨੂੰ ਗਿਣਨਯੋਗ ਮੰਨਿਆ ਜਾਵੇ।

ਇਸ ਮੌਕੇ ਮੇਘ ਰਾਜ ਲਹਿਰਾ, ਕਰਮਜੀਤ ਨਦਾਮਪੁਰ, ਕੁਲਵੰਤ ਖਨੌਰੀ, ਰਾਜ ਸੈਣੀ, ਬਲਵਿੰਦਰ ਚੀਮਾ, ਡਾ. ਕੁਲਦੀਪ ਸਤੌਜ, ਕੰਵਲਜੀਤ ਸਿੰਘ, ਸੁਖਬੀਰ ਸਿੰਘ, ਮੈਡਮ ਸਵਾਤੀ, ਮੈਡਮ ਪਿੰਕੀ, ਮੈਡਮ ਗੁਰਮੀਤ ਕੌਰ, ਕੁਲਵੰਤ ਕੌਰ ਖਨੌਰੀ, ਲਖਵਿੰਦਰ ਸਿੰਘ, ਕ੍ਰਿਸ਼ਨ ਚੰਦ, ਜਸਵੀਰ ਸਿੰਘ, ਮਨਜੀਤ ਲਹਿਰਾ, ਅਸ਼ਵਨੀ ਲਹਿਰਾ, ਰਵੀ ਬਾਵਾ, ਸੁਖਬੀਰ ਖਨੌਰੀ, ਰਮਨਦੀਪ ਕੁਮਾਰ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਲੇਟ ਹੋਣ ਵਾਲੇ ਸਰਕਾਰੀ ਮੁਲਾਜ਼ਮਾਂ 'ਤੇ ਸ਼ਖਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਡਿਊਟੀ ਤੋਂ ਲੇਟ ਹੋਣ ਵਾਲੇ ਮੁਲਾਜ਼ਮਾਂ ਦੀ ਹੁਣ ਖੈਰ ਨਹੀਂ ਹੋਵੇਗੀ। ਦਫ਼ਤਰ ਸਮੇਂ ਤੋਂ ਦੇਰ ਨਾਲ ਪਹੁੰਚਣ ਵਾਲੇ ਮੁਲਾਜ਼ਮਾਂ ਉਤੇ ਹੁਣ ਸਰਕਾਰ ਵੱਲੋਂ ਸਖਤੀ ਕੀਤੀ ਗਈ ਹੈ। ਮੁਲਾਜ਼ਮਾਂ ਦੀ ਹਾਜ਼ਰੀ ਸਮੇਂ ਸਿਰ ਬਣਾਉਣ ਲਈ



ਹੁਣ ਪੰਜਾਬ ਸਰਕਾਰ ਵੱਲੋਂ ਵੱਡਾ ਫੈਸਲਾ ਕੀਤਾ ਗਿਆ ਹੈ। ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮਾਂ ਦੀ ਹਾਜ਼ਰੀ ਹੁਣ M Seva App ਰਾਹੀਂ ਲਗਾਈ ਜਾਵੇਗੀ। ਮੁਲਾਜ਼ਮਾਂ ਨੂੰ ਹਾਜ਼ਰੀ ਸਵੇਰੇ 9 ਵਜੇ ਤੋਂ ਇਕ ਮਿੰਟ ਪਹਿਲਾਂ ਲਗਾਉਣੀ ਹੋਵੇਗੀ ਅਤੇ ਛੁੱਟੀ ਸਮੇਂ ਸ਼ਾਮ ਨੂੰ 5 ਵਜੇ ਤੋਂ ਇਕ ਮਿੰਟ ਬਾਅਦ ਲਗਾਉਣੀ ਹੋਵੇਗੀ। ਇਹ ਹੀ ਨਹੀਂ ਜੇਕਰ ਕੋਈ ਟਰਾਂਸਪੋਰਟ ਵਿਭਾਗ ਦਾ ਕਰਮਚਾਰੀ ਸਮੇਂ ਸਿਰ ਨਹੀਂ ਪਹੁੰਚਦਾ ਤਾਂ ਉਨ੍ਹਾਂ ਦੀ ਤਨਖਾਹ ਕੱਟੀ ਜਾਵੇਗੀ। ਹੁਣ ਵਿਭਾਗ ਦੇ ਕਰਮਚਾਰੀਆਂ ਨੂੰ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਉਣਾ ਪਵੇਗਾ।

# ਪ.ਸ.ਸ.ਫ. ਵਲੋਂ ਵਿਸ਼ਾਲ ਸੂਬਾ ਪੱਧਰੀ ਰੈਲੀ ਅਤੇ ਸ਼ਹਿਰ ਅੰਦਰ ਰੋਸ ਮਾਰਚ ਕੀਤਾ ਗਿਆ

## ਸਰਕਾਰ ਵਿਰੁੱਧ ਮੁਲਾਜ਼ਮਾਂ ਦੇ ਰੋਹ ਕਾਰਣ ਜਲੰਧਰ ਸ਼ਹਿਰ ਹੋਇਆ ਲਾਲੋ-ਲਾਲ,ਸੜਕਾਂ ਹੋਈਆਂ ਜਾਮ* 20 ਮਈ ਨੂੰ ਕੌਮੀ ਹੜਤਾਲ ਦਾ ਸੱਦਾ *

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ (ਦੀਪਾ)- ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਵਲੋਂ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ, ਮੁਲਾਜ਼ਮ ਮੰਗਾਂ ਦੀ ਪ੍ਰਾਪਤੀ ਅਤੇ ਮੁੱਖ ਮੰਤਰੀ ਪੰਜਾਬ ਦੀ ਵਾਅਦਾ ਖਿਲਾਫੀ ਨੂੰ ਉਜਾਗਰ ਕਰਨ ਹਿੱਤ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਅੱਜ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿਖੇ ਇੱਕ ਵਿਸ਼ਾਲ ਸੂਬਾ ਪੱਧਰੀ ਰੈਲੀ ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਸੂਬੇ ਭਰ ਵਿੱਚੋਂ ਮੁਲਾਜ਼ਮਾਂ ਵਲੋਂ ਭਾਰੀ ਸੰਖਿਆ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਰੈਲੀ ਦੀ ਵਿਸ਼ੇਸ਼ਤਾ ਇਹ ਰਹੀ ਕਿ ਸੂਬੇ ਭਰ ਵੱਚੋਂ ਬੱਸਾਂ, ਗੱਡੀਆਂ, ਫੋਰ-ਵ੍ਹੀਲਰਾਂ ਅਤੇ ਨਿੱਜੀ ਵਾਹਨਾਂ ਰਾਹੀ ਮੁਲਾਜ਼ਮਾਂ ਦੇ ਵੱਡੇ ਕਾਫਲੇ ਝੰਡਿਆਂ ਅਤੇ ਬੈਨਰਾਂ ਨਾਲ ਲੈਸ ਹੋ ਕੇ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਰੈਲੀ ਵਿੱਚ ਆ ਰਹੇ ਸਨ ਅਤੇ ਦੂਰ ਦੇ ਜ਼ਿਲ੍ਹਿਆਂ ਦੇ ਮੁਲਾਜ਼ਮਾਂ ਦੇ ਵੱਡੇ ਕਾਫਲੇ ਰੈਲੀ ਖਤਮ ਹੋਣ ਤੱਕ ਵੀ ਪਹੁੰਚਦੇ ਰਹੇ। ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਤੋਂ ਖਫਾ ਮਹਿਲਾ ਮੁਲਾਜ਼ਮਾਂ ਵੀ ਵੱਡੀ ਗਿਣਤੀ ਵਿੱਚ ਲਗਾਤਾਰ ਪਹੁੰਚਦੀਆਂ ਰਹੀਆਂ। ਰੈਲੀ ਦੀ ਕਾਰਵਾਈ ਸ਼ੁਰੂ ਕਰਦਿਆਂ ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਇਹ ਰੈਲੀ ਸੂਬਾ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਨਾਲ ਨਾਲ ਮੁੱਖ ਮੰਤਰੀ ਪੰਜਾਬ ਦੀ ਵਾਅਦਾ-ਖਿਲਾਫੀ ਵਿਰੁੱਧ ਵੀ ਹੈ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਨਾ ਵਰਤ ਕੇ ਸੱਤਾ ਵਿੱਚ ਆਏ ਮੁੱਖ ਮੰਤਰੀ ਵਲੋਂ ਸਿਰਫ ਸਟੇਜਾਂ ਤੇ ਵੱਡੇ-ਵੱਡੇ ਝੂਠੇ ਭਾਸ਼ਣ ਹੀ ਦਿੱਤੇ ਜਾ ਰਹੇ ਹਨ ਅਤੇ ਸਰਕਾਰ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਤੇ ਝੂਠੇ ਪਰਚੇ ਦਰਜ ਕਰਕੇ ਜੇਲਾਂ ਅੰਦਰ ਸੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਵੀ ਸਕੂਲਾਂ ਅਤੇ ਸਰਕਾਰੀ ਅਦਾਰਿਆ ਵਿੱਚ ਜਾ ਕੇ ਮੁਲਾਜ਼ਮਾਂ ਨਾਲ ਭੱਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ। ਰੈਲੀ ਨੂੰ ਵਿਸ਼ੇਸ਼ ਤੌਰ ਤੇ ਸੰਬੋਧਨ ਕਰਨ ਲਈ ਪਹੁੰਚੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ



ਪ.ਸ.ਸ.ਫ. ਵਲੋਂ ਜਲੰਧਰ ਵਿਖੇ ਕੀਤੀ ਵਿਸ਼ਾਲ ਸੂਬਾ ਪੱਧਰੀ ਰੈਲੀ ਨੂੰ ਸੂਬਾ ਪ੍ਰਧਾਨ ਸਤੀਸ਼ ਰਾਣਾ ਸੰਬੋਧਨ ਕਰਦੇ ਹੋਏ

ਵਿੱਤ ਸਕੱਤਰ ਸਾਥੀ ਸ਼ਸ਼ੀਕਾਂਤ ਰਾਏ (ਬਿਹਾਰ) ਨੇ ਸੰਬੋਧਨ ਕਰਦਿਆ ਕਿਹਾ ਕਿ ਸੂਬਾ ਸਰਕਾਰਾਂ ਦੀ ਤਰਾਂ ਹੀ ਕੇਂਦਰ ਸਰਕਾਰ ਵੀ ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਵੀ ਲੋਕਾਂ ਨੂੰ ਸਹੂਲਤਾਂ ਪ੍ਰਧਾਨ ਕਰਦੇ ਸਰਕਾਰੀ ਅਦਾਰਿਆਂ ਨੂੰ ਖਤਮ ਕਰਕੇ ਅਦਾਨੀਆਂ ਤੇ ਅੰਬਾਨੀਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ, ਧਰਮ ਦੇ ਨਾ ਤੇ ਦੇਸ਼ ਅੰਦਰ ਅਰਾਜਿਕਤਾ ਫੈਲਾਈ ਜਾ ਰਹੀ ਹੈ ਅਤੇ ਘੱਟ ਗਿਣਤੀ ਕੌਮਾਂ ਤੇ ਸਰਕਾਰੀ ਗੁੰਡਿਆਂ ਕੋਲੋਂ ਤਸ਼ੱਦਦ ਕਰਵਾਇਆ ਜਾ ਰਿਹਾ ਹੈ। ਉਹਨਾਂ ਵਲੋਂ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਨੀਤੀਆਂ ਵਿਰੁੱਧ ਦੇਸ਼ ਦੀਆਂ ਵੱਖ-ਵੱਖ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ ਮਿਤੀ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਦਾ ਹੋਕਾ ਵੀ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੰਬੋਧਨ ਕਰਦਿਆਂ ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਕੌਮੀ ਸਕੱਤਰ ਸਾਥੀ ਮਨਜੀਤ ਸਿੰਘ ਸੈਣੀ ਨੇ ਕਿਹਾ ਕਿ ਸਰਕਾਰਾਂ ਜਿੱਥੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ ਉੱਥੇ ਹੀ ਪੈਨਸ਼ਨਰਾਂ ਨੂੰ ਮਿਲ ਰਹੀਆਂ ਸਹੂਲਤਾਂ ਵੀ ਖਤਮ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਮੁਲਾਜ਼ਮ ਸਮਾਜਿਕ ਸੁਰੱਖਿਆ ਲਈਪੁਰਾਣੀ ਪੈਨਸ਼ਨ ਦੀ ਮੰਗ ਕਰ ਰਹੇ ਹਨ ਪ੍ਰੰਤੂ ਮੋਦੀ ਸਰਕਾਰ ਤਾਂ ਪੈਨਸ਼ਨਰਾਂ ਦੀ ਸਮਾਜਿਕ ਸੁਰੱਖਿਆ ਖੋਹ ਕੇ ਪੈਨਸ਼ਨਾਂ ਬੰਦ ਕਰਨ ਦੇ ਮਨਸੂਬੇ ਬਣਾਈ ਬੈਠੀ ਹੈ ਅਤੇ ਇਹਨਾਂ ਮੰਗਾਂ ਦੀ ਪ੍ਰਾਪਤੀ ਲਈ ਸਾਂਝੇ ਸੰਘਰਸ਼ਾਂ ਨੂੰ ਤੇਜ਼ ਕਰਨਾ ਚਾਹੀਦਾ ਹੈ। ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕਿਹਾ ਕਿ ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਮੁਲਾਜ਼ਮ ਅਤੇ ਪੈਨਸ਼ਨਰ ਮਾਰੂ ਨੀਤੀਆਂ ਬੜੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ ਅਤੇ ਇਹਨਾਂ ਨੀਤੀਆਂ ਨੂੰ ਮੋੜਾ ਦੇਣ ਲਈ ਤਿੱਖੇ ਅਤੇ ਸਾਂਝੇ ਸੰਘਰਸ਼ਾਂ ਨੂੰ ਹੋਰ ਵੀ ਤੇਜ਼ ਕਰਨਾ ਪਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਿਸਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਮੁਲਾਜ਼ਮ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ।ਵਿੱਤ ਮੰਤਰੀ ਵਲੋਂ ਵੀ ਪੇਸ਼ ਕੀਤੇ ਬੱਜਟ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਮਿਡ ਡੇ ਮੀਲ, ਆਗਣਵਾੜੀ, ਆਸ਼ਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨ, ਬੰਦ ਭੱਤਿਆਂ ਨੂੰ ਚਾਲੂ ਕਰਨ, ਪੁਰਾਣੀ ਪੈਨਸ਼ਨ ਲਾਗੂ ਕਰਨ, ਬਕਾਇਆਂ ਦੀ ਅਦਾਇਗੀ ਕਰਨ, ਮੁਲਾਜ਼ਮਾਂ ਦੀ ਪੱਕੇ ਤੌਰ ਤੇ ਭਰਤੀ ਕਰਨ ਸਬੰਧੀ ਕੋਈ ਵੀ ਤਜ਼ਵੀਜ ਨਹੀਂ ਰੱਖੀ ਹੈ।ਉਹਨਾਂ ਕਿਹਾ ਕਿ ਸੰਘਰਸ਼ਾਂ ਨੂੰ ਤਿੱਖਾ ਕਰਨਾ ਹੀ ਸਮੇਂ ਦੀ ਮੁੱਖ ਲੋੜ ਬਣ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਸਬਕ ਸਿਖਾਇਆ ਜਾਵੇਗਾ। ਇਸ ਰੈਲੀ ਨੂੰ ਸੰਬੋਧਨ ਕਰਦਿਆ ਜੱਥੇਬੰਦੀ ਦੇ ਸੂਬਾ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ, ਜੀ.ਟੀ.ਯੂ . ਦੇ ਸੂਬਾ ਪ੍ਰਧਾਨ ਸੁਖਵਿੰਦਰ ਚਾਹਲ, ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਜੰਗਲਾਤ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ, ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੀ ਸੂਬਾ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ, ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ, ਮਿਡ ਡੇ ਮੀਲ ਵਰਕਜ਼ ਯੂਨੀਅਨ ਦੀ ਸੂਬਾ ਪ੍ਰਧਾਨ ਬਿਮਲਾ ਰਾਣੀ, ਪੈਰਾ-ਮੈਡੀਕਲ ਯੂਨੀਅਨ ਦੇ ਸੂਬਾ ਚੇਅਰਮੈਨ ਇੰਦਰਜੀਤ ਵਿਰਦੀ, ਲਘੂ ਉਦਯੋਗ ਯੂਨੀਅਨ ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ ਰਿਆੜ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਸ਼ਰਮੀਲਾ ਰਾਣੀ, ਮੰਡੀ ਬੋਰਡ ਯੂਨੀਅਨ ਦੇ ਸੂਬਾ ਪ੍ਰਧਾਨ ਬੀਰਇੰਦਰਜੀਤ ਪੁਰੀ, ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫੀਸਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਉੱਪਲ, ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਕਰਮਜੀਤ ਸਿੰਘ ਬੀਹਲਾ, ਨਗਰ ਕੌਂਸਲ ਯੂਨੀਅਨ ਆਗੂ ਜਤਿੰਦਰ ਕੁਮਾਰ, ਪੀ.ਆਰ.ਟੀ.ਸੀ. ਯੂਨੀਅਨ ਆਗੂ ਸਿਮਰਜੀਤ ਸਿੰਘ ਬਰਾੜ, ਆਈ.ਟੀ.ਆਈ. ਯੂਨੀਅਨ ਆਗੂ ਜਰਨੈਲ ਸਿੰਘ ਪੱਟੀ, ਪਸ਼ੂ ਪਾਲਣ ਯੂਨੀਅਨ ਆਗੂ ਚਮਕੌਰ ਸਿੰਘ ਨਾਭਾ,ਸਫਾਈ ਸੇਵਕ ਯੂਨੀਅਨ ਦੇ ਸੂਬਾ ਆਗੂ ਰਮੇਸ਼ ਕੁਮਾਰ ਵੈਦ, ਠੇਕਾ ਮੁਲਾਜ਼ਮ ਯੂਨੀਅਨ ਆਗੂ ਜਸਪ੍ਰੀਤ ਗਗਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਸਹਿਤ ਸਾਰੇ ਹੀ ਵਿਧਾਇਕ ਮੁਲਾਜ਼ਮਾਂ ਦੀਆਂ ਰੈਲੀਆਂ ਵਿੱਚ ਪਹੁੰਚ ਕੇ ਵਾਅਦਾ ਕਰਦੇ ਸਨ ਕਿ ਸਰਕਾਰ ਬਣਨ ਤੇ ਸਾਰੀਆਂ ਹੀ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲਕੀਤਾ ਜਾਵੇਗਾ ਪ੍ਰੰਤੂ ਸੱਤਾ ਵਿਚ ਆਉਂਦਿਆਂ ਹੀ ਮੁਲਾਜ਼ਮਾਂ ਮੰਗਾਂ ਨੂੰ ਤਾਂ ਹੱਲ ਕੀ ਕਰਨਾ ਸੀ ਸਗੋਂ ਮੁੱਖ ਮੰਤਰੀ ਵਲੋਂ ਤਿੰਨ ਸਾਲਾਂ ਵਿੱਚ ਇੱਕ ਵੀ ਮੀਟਿੰਗ ਨਹੀਂ ਕੀਤੀ ਗਈ। ਮੁੱਖ ਮੰਤਰੀ ਵਲੋਂ ਝੂਠ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਹੱਕ ਮੰਗ ਰਹੇ ਮੁਲਾਜ਼ਮਾਂ ਤੇ ਝੂਠੇ ਪਰਚੇ ਦਰਜ ਕਰਕੇ ਸੰਘਰਸ਼ ਕਰਨ ਦੇ ਹੱਕ ਨੂੰ ਵੀ ਖੋਹਿਆ ਜਾ ਰਿਹਾ ਹੈ। ਆਗੂਆਂ ਨੇ ਐਲਾਨ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮੁਲਾਜ਼ਮਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਦੇ ਲੋਕਾਂ ਦਾ ਸਾਰਾ ਪੈਸਾ ਆਪਣੇ ਪ੍ਰਚਾਰ ਤੇ ਹੀ ਖਰਚ ਕੀਤਾ ਜ ਰਿਹਾ ਹੈ। ਰੈਲੀ ਉਪਰੰਤ ਸ਼ਹਿਰ ਅੰਦਰ ਪ੍ਰੈਸ ਕਲੱਬ ਚੌਂਕ ਤੱਕ ਰੋਸ ਮਾਰਚ ਵੀ ਕੀਤਾ ਗਿਆ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਗੁਰਬਿੰਦਰ ਸਿੰਘ ਸਸਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਜਸਵਿੰਦਰ ਕੌਰ ਟਾਹਲੀ, ਨਿਰਮੋਲਕ ਸਿੰਘ ਹੀਰਾ,ਜਗਦੀਪ ਸਿੰਘ ਮਾਂਗਟ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਬੋਬਿੰਦਰ ਸਿੰਘ, ਕੁਲਦੀਪ ਪੁਰੇਵਾਲ, ਪੁਸ਼ਪਿੰਦਰ ਕੁਮਾਰ ਵਿਰਦੀ,ਜਸਵਿੰਦਰ ਸੇਜਾ, ਜਗਦੇਵ ਸਿੱਧੂ, ਫੁੰਮਣ ਸਿੰਘ ਕਾਠਗੜ੍ਹ, ਦਰਸ਼ਨ ਚੀਮਾ, ਮਨੋਹਰ ਲਾਲ ਸ਼ਰਮਾ, ਪ੍ਰੇਮ ਚੰਦ, ਸੁਭਾਸ਼ ਚੰਦਰ,ਤਰਸੇਮ ਮਾਧੋਪੁਰੀ,ਲਖਵਿੰਦਰ ਸਿੰਘ ਖਾਨਪੁਰ ਆਦਿ ਆਗੂ ਵੀ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

**ਇੰਜੀ. ਹਰਦੀਪ ਸਿੰਘ ਚੁੰਬਰ**

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

ਕੱਲ੍ਹ ਦਾ ਬਾਕੀ ਭਾਗ

ਅਜਿਹਾ ਨਹੀਂ ਹੈ ਕਿ ਮੇਰੇ ਵਿੱਚ ਪੈਦਾਇਸੀ ਗੁਣ ਸਨ ਅਤੇ ਇਸ ਲਈ ਮੈਂ ਇਸ ਸਥਿਤੀ ਤੱਕ ਪਹੁੰਚਿਆ ਹਾਂ। ਜੇ ਮੇਰੀ ਜ਼ਿੰਦਗੀ ਨੂੰ ਉਸੇ ਤਰ੍ਹਾਂ ਚੱਲਣ ਦਿੱਤਾ ਜਾਂਦਾ ਜਿਵੇਂ ਇਹ ਚੱਲ ਰਿਹਾ ਸੀ, ਤਾਂ ਮੈਂ ਇੱਕ ਆਮ ਜਿਹਾ ਆਦਮੀ ਬਣ ਜਾਂਦਾ। ਪਰ ਮੈਨੂੰ ਯਾਦ ਹੈ। ਮੈਂ ਦੱਸਣ ਜਾ ਰਿਹਾ ਹਾਂ ਕਿ ਮੇਰੀ ਜ਼ਿੰਦਗੀ ਦਾ ਮੋੜ ਕਿਉਂ ਆਇਆ, ਇਹ ਕਿਵੇਂ ਆਇਆ।



ਮੇਰੇ ਕੋਲ ਤਿੰਨ ਗੁਰੂ ਹਨ। ਹਰ ਕਿਸੇ ਦਾ ਗੁਰੂ ਹੁੰਦਾ ਹੈ। ਮੇਰੇ ਵੀ ਹਨ। ਮੈਂ ਕੋਈ ਸੰਤ ਜਾਂ ਰਿਸ਼ੀ ਨਹੀਂ ਹਾਂ। ਉਹ ਮੇਰੇ ਗੁਰੂ ਹਨ। ਮੇਰਾ ਪਹਿਲਾ ਆਦਰਸ਼ ਬੁੱਧ ਹੈ। ਉਸ ਵੇਲੇ ਮੇਰੀ ਉਮਰ ਦਸ-ਬਾਰ੍ਹਾਂ ਸਾਲ ਦੀ ਹੋਵੇਗੀ, ਮੇਰੇ ਪਿਤਾ ਕਬੀਰਪੰਥੀ ਸਨ। ਮੈਨੂੰ ਉਦੋਂ ਤੋਂ ਯਾਦ ਹੈ। ਮੇਰੇ ਪਿਤਾ ਦੇ ਘਰ ਨੂੰ ਧਰਮਾਸਨ ਕਿਹਾ ਜਾ ਸਕਦਾ ਹੈ। ਇਸ ਨੂੰ ਸਿੱਖਿਆ-ਸਥਾਨ ਵੀ ਕਿਹਾ ਜਾ ਸਕਦਾ ਹੈ। ਮੇਰੇ ਪਿਤਾ ਵਿਦਿਆ ਦੇ ਭਗਤ ਸਨ ਅਤੇ ਧਰਮ ਦੇ ਚਹੇਤੇ ਵਿਅਕਤੀ ਸਨ। ਮੇਰੇ ਬਚਪਨ ਵਿੱਚ, ਰਾਮਾਇਣ ਅਤੇ ਮਹਾਭਾਰਤ ਵਰਗੀਆਂ ਸਾਰੀਆਂ ਕਿਤਾਬਾਂ ਉਨ੍ਹਾਂ ਨੇ ਮੈਨੂੰ ਰਟਵਾ ਦਿੱਤੀਆਂ ਸਨ। ਉਹਨਾ ਦਾ ਅਭਿਆਸ ਕਰਾਉਂਦੇ ਰਹੇ ਸਨ। ਰਾਮਾਇਣ-ਮਹਾਭਾਰਤ ਨੂੰ ਪੜ੍ਹਨ ਨਾਲ ਮੇਰੇ ਮਨ ਉੱਤੇ ਡੂੰਘਾ ਪ੍ਰਭਾਵ ਪਿਆ। ਮੇਰੇ ਪਿਤਾ ਮੈਨੂੰ ਕਹਿੰਦੇ ਸਨ, 'ਅਸੀਂ ਗਰੀਬ ਹਾਂ ਇਸ ਲਈ ਡਰਨ ਦੀ ਕੋਈ ਗੱਲ ਨਹੀਂ ਹੈ। ਤੁਸੀਂ ਵਿਦਵਾਨ ਜ਼ਰੂਰ ਬਣੋਗੇ, ਕਿਉਂ ਨਹੀਂ ਬਣੋਗੇ? "ਮੈਂ ਇੱਕ ਬਾਰ ਵਿੱਚ ਕਈ ਇਮਤਿਹਾਨ ਪਾਸ ਕਰ ਲਏ ਸਨ। ਉਸ ਸਮੇਂ ਭਾਵੇਂ ਕਿ ਮੇਰੇ ਪਿਤਾ ਨਹੀਂ ਚਾਹੁੰਦੇ ਸਨ ਪਰ ਚਾਲ ਦੇ ਲੋਕਾਂ ਨੇ ਕੇਲੁਸਕਰ ਦੀ ਮਦਦ ਲੈ ਕੇ ਮੇਰੇ ਸਨਮਾਨ ਵਿੱਚ ਇੱਕ ਪ੍ਰੋਗਰਾਮ ਆਯੋਜਿਤ ਕਰਨ ਬਾਰੇ ਸੋਚਿਆ। ਮੇਰੇ ਪਿਤਾ ਕਹਿੰਦੇ ਹਨ ਕਿ ਅਜਿਹਾ ਨਾ ਕਰੋ। ਜੇ ਤੁਸੀਂ ਬੱਚਿਆਂ ਨੂੰ ਸਨਮਾਨਿਤ ਕਰਦੇ ਹੋ, ਤਾਂ ਉਹ ਮਹਿਸੂਸ ਕਰਦੇ ਹਨ ਕਿ ਉਹ ਨੇਤਾ ਬਣ ਗਏ ਹਨ। (ਹਾਸਾ ਅਤੇ ਤਾੜੀਆਂ) ਪਰ ਫਿਰ ਮੇਰਾ ਸਨਮਾਨ ਕੀਤਾ ਗਿਆ। ਅਤੇ ਦਾਦਾ ਕੇਲੁਸਕਰ ਨੇ ਮੈਨੂੰ ਬੁੱਧ ਦੇ ਚਰਿੱਤਰ ਬਾਰੇ ਇੱਕ ਕਿਤਾਬ ਤੋਹਫ਼ੇ ਵਿੱਚ ਦਿੱਤੀ। ਉਸ ਕਿਰਦਾਰ ਨੂੰ ਪੜ੍ਹਨ ਤੋਂ ਬਾਅਦ ਮੇਰੇ ਅੰਦਰ ਇੱਕ ਵੱਖਰੀ ਰੋਸ਼ਨੀ ਪੈਦਾ ਹੋਈ। ਹਨੂੰਮਾਨ, ਸੀਤਾ ਅਤੇ ਰਾਮ ਵਣਵਾਸ ਵਿੱਚ ਚਲੇ ਗਏ। ਧੋਬੀ ਦੇ ਕਹਿਣ 'ਤੇ, ਸੀਤਾ ਨੂੰ ਛੱਡ ਦਿੱਤਾ, ਕ੍ਰਿਸ਼ਨ ਦੀਆਂ ਸੋਲਾਂ ਹਜ਼ਾਰ ਪਤਨੀਆਂ ਆਦਿ, ਚੀਜ਼ਾਂ ਭਿਆਨਕ ਲੱਗ ਰਹੀਆਂ ਸਨ। ਇਹ ਗੱਲਾਂ ਮੇਰੇ ਦਿਮਾਗ ਵਿੱਚ ਕਦੇ ਨਹੀਂ ਆਈਆਂ। ਪਰ ਬੁੱਧ ਧਰਮ ਦਾ ਅਧਿਐਨ ਕਰਨ ਤੋਂ ਬਾਅਦ, ਇਹ ਅੱਜ ਵੀ ਮੇਰੇ ਮਨ ਤੇ ਪਕੜ ਹੈ। ਮੈਂ ਦ੍ਰਿੜਤਾ ਨਾਲ ਮਹਿਸੂਸ ਕਰਨਾ ਸ਼ੁਰੂ ਕਰ ਰਿਹਾ ਹਾਂ ਕਿ ਸੰਸਾਰ ਦੀ ਭਲਾਈ ਕੇਵਲ ਬੁੱਧ ਧਰਮ ਦੁਆਰਾ ਹੀ ਕੀਤੀ ਜਾ ਸਕਦੀ ਹੈ। ਮੈਂ ਹਮੇਸ਼ਾ ਕਿਹਾ ਹੈ ਕਿ ਜੇ ਹਿੰਦੂ ਆਪਣੇ ਰਾਸ਼ਟਰ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਬੁੱਧ ਧਰਮ ਨੂੰ ਸਵੀਕਾਰ ਕਰਨਾ ਹੋਵੇਗਾ।

ਮੇਰਾ ਦੂਜਾ ਰੋਲ ਮਾਡਲ ਕਬੀਰ ਹੈ। ਮੇਰੇ ਪਿਤਾ ਕਬੀਰ ਪੰਥੀ ਸਨ। ਇਸ ਲਈ ਕਬੀਰ ਦੇ ਜੀਵਨ ਅਤੇ ਦਰਸ਼ਨ ਦਾ ਮੇਰੇ ਉੱਤੇ ਡੂੰਘਾ ਪ੍ਰਭਾਵ ਪਿਆ। ਮੇਰੀ ਰਾਏ ਵਿੱਚ, ਕਬੀਰ ਨੇ ਬੁੱਧ ਦੇ ਦਰਸ਼ਨ ਦੇ ਸਹੀ ਅਰਥ ਨੂੰ ਸਮਝਿਆ। ਮੈਂ ਕਿਸੇ ਨੂੰ ਵੱਡਾ ਨਹੀਂ ਕਿਹਾ। ਗਾਂਧੀ ਨੂੰ ਮੈਂ ਕਦੇ ਮਹਾਤਮਾ ਨਹੀਂ ਕਿਹਾ। ਗਾਂਧੀ ਹਮੇਸ਼ਾ ਧੋਖੇ ਵਿੱਚ ਵਿਸ਼ਵਾਸ ਰੱਖਦੇ ਸਨ। ਕਿਉਂਕਿ ਕਬੀਰ ਨੇ ਕਿਹਾ ਹੈ-ਮਨੁੱਖ ਬਣਨਾ ਮੁਸ਼ਕਿਲ ਹੈ! ਤਾਂ ਫਿਰ ਸਾਧੂ ਕੀ ਬਣਨਾ? ਜਿਹੜਾ ਮਨੁੱਖ ਨਹੀਂ ਬਣਿਆ, ਉਹ ਮਹਾਤਮਾ ਕਿਵੇਂ ਬਣ ਸਕਦਾ ਹੈ?

ਅਤੇ ਮੇਰਾ ਤੀਜਾ ਆਦਰਸ਼ ਜਯੋਤੀਬਾ ਫੂਲੇ ਹੈ। ਉਹ ਗ਼ੈਰ-ਬ੍ਰਾਹਮਣਾਂ ਦੇ ਸੱਚੇ ਗੁਰੂ ਹਨ। ਉਨ੍ਹਾਂ ਨੇ ਦਰਜ਼ੀਆਂ, ਘੁਮਿਆਰਾਂ, ਨਾਈਆਂ, ਕੁਰਮੀਆਂ, ਮਾਲੀਆਂ, ਮਛੇਰਿਆਂ, ਮੰਗਾਂ ਅਤੇ ਚਮਾਰਾਂ ਨੂੰ ਮਨੁੱਖਤਾ ਦੇ ਸਬਕ ਸਿਖਾਏ ਹਨ। ਮਰਾਠਾ ਪੁਰਾਣੀ ਰਾਜਨੀਤੀ ਵਿੱਚ ਅਸੀਂ ਜਯੋਤੀਬਾ ਦੇ ਰਸਤੇ ਉੱਤੇ ਚੱਲ ਰਹੇ ਸੀ। ਬਾਅਦ ਵਿੱਚ ਮਰਾਠਾ ਸਾਡੇ ਤੋਂ ਵੱਖ ਹੋ ਗਏ। ਕੋਈ ਕਾਂਗਰਸ ਦੀ ਜੂਠਨ ਖਾਣ ਗਿਆ। ਉਨ੍ਹਾਂ ਵਿੱਚੋਂ ਸਾਡੇ ਆਰ. ਬੀ. ਬੋਲੇ ਹਿੰਦੂ ਮਹਾਸਭਾ ਵਿੱਚ ਗਏ। ਉਹ ਉੱਥੇ ਹੀ ਟਿਕੇ ਹੋਏ ਹਨ। ਕੋਈ ਵੀ ਕਿਤੇ ਜਾਵੇ, ਪਰ ਅਸੀਂ ਜਯੋਤੀਬਾ ਦੇ ਮਾਰਗ 'ਤੇ ਚੱਲਾਂਗੇ। ਅਸੀਂ ਕਾਰਲ ਮਾਰਕਸ ਜਾਂ ਕਿਸੇ ਹੋਰ ਨੂੰ ਲੈ ਲਵਾਂਗੇ ਪਰ ਅਸੀਂ ਜਯੋਤੀਬਾ ਦਾ ਰਾਹ ਨਹੀਂ ਛੱਡਾਂਗੇ। ਇਸ ਲਈ ਇਹ ਮੇਰੇ ਤਿੰਨ ਜੀਵਨ ਆਦਰਸ਼ ਹਨ। ਮੈਂ ਉਨ੍ਹਾਂ ਤੋਂ ਸਿੱਖ ਕੇ ਆਪਣੀ ਜ਼ਿੰਦਗੀ ਬਣਾਈ ਹੈ।

ਮੇਰੇ ਕੋਲ ਤਿੰਨ ਪ੍ਰੇਰਣਾ ਵੀ ਹਨ। ਕਿਸੇ ਕੋਲ ਮਰੀਆਈ, ਖੰਡੋਬਾ ਵਰਗੇ ਭਗਵਾਨ ਹੁੰਦੇ ਹਨ, ਮੇਰੇ ਵੀ ਤਿੰਨ ਭਗਵਾਨ ਹਨ। ਮੇਰੀ ਪਹਿਲੀ ਪ੍ਰੇਰਣਾ ਸਿੱਖਿਆ ਹੈ। ਸਿੱਖਿਆ ਤੋਂ ਬਿਨਾਂ ਸ਼ਾਂਤੀ ਅਤੇ ਇਨਸਾਨੀਅਤ ਨਹੀਂ ਮਿਲ ਸਕਦੀ। ਸਿੱਖਿਆ ਹਰੇਕ ਲਈ ਹੋਣੀ ਚਾਹੀਦੀ ਹੈ। ਇਹ ਮਹਾਸਾਗਰ ਵਰਗੀ ਹੈ। ਬੁੱਧ ਨੇ ਇੱਕ ਵਾਰ ਕਿਹਾ ਸੀ ਕਿ ਬੁੱਧ ਧੰਮ ਸ਼ੁੱਧ ਧਰਮ ਹੈ। ਇੱਥੇ ਕੋਈ ਵਿਤਕਰਾ ਨਹੀਂ ਹੈ। ਸ਼੍ਰਮਣ, ਭਿੱਖੂ, ਬ੍ਰਾਹਮਣ ਅਤੇ ਭੰਗੀ ਸਭ ਇੱਕ ਸਮਾਨ ਹਨ। ਮੇਰੇ ਸੰਘ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਜੋ ਵੀ ਨਾਮ ਸੀ। ਸਾਰੇ ਇੱਕ ਹਨ। ਨਦੀ ਹੋਵੇ, ਨਹਿਰ ਹੋਵੇ, ਯਮੁਨਾ ਹੋਵੇ, ਬ੍ਰਹਮਪੁੱਤਰ ਹੋਵੇ, ਗੰਗਾ ਹੋਵੇ, ਗੋਦਾਵਰੀ ਹੋਵੇ, ਸਾਰੀਆਂ ਨਦੀਆਂ ਆਪਣੇ ਸਰੋਤ ਤੋਂ ਸਾਗਰ ਵਿੱਚ ਲੁਪਤ ਹੋ ਜਾਂਦੀਆਂ ਹਨ। ਜਦੋਂ ਸਾਰਿਆਂ ਦਾ ਪਾਣੀ ਘੁਲ ਮਿਲ ਮਿਲੇਗਾ ਤਾਂ ਕੋਈ ਇਹ ਨਹੀਂ ਦੱਸ ਸਕੇਗਾ ਕਿ ਕਿਹੜਾ ਗੰਗਾ ਦਾ ਪਾਣੀ ਹੈ ਜਾਂ ਗੋਦਾਵਰੀ ਦਾ। ਮੇਰਾ ਮਿਲਾਪ ਸਮੁੰਦਰ ਵਰਗਾ ਹੈ। ਇੱਥੇ ਕੋਈ ਜਾਤੀ ਨਹੀਂ ਹੈ। ਤੁਸੀਂ ਸਾਰੇ ਇੱਕ ਹੋ।

ਜੇ ਤੁਸੀਂ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਇਸ ਨੂੰ ਸਫਲਤਾਪੂਰਵਕ ਕਰੋ। ਜਿਸ ਤਰ੍ਹਾਂ ਮਨੁੱਖ ਨੂੰ ਜਿਉਂਦੇ ਰਹਿਣ ਲਈ ਭੋਜਨ ਦੀ ਜ਼ਰੂਰਤ ਹੁੰਦੀ ਹੈ, ਉਸੇ ਤਰ੍ਹਾਂ ਉਸ ਨੂੰ ਸਿੱਖਿਆ ਦੀ ਵੀ ਜ਼ਰੂਰਤ ਹੁੰਦੀ ਹੈ। ਗਿਆਨ ਤੋਂ ਬਿਨਾਂ ਕੀ ਕੀਤਾ ਜਾ ਸਕਦਾ ਹੈ? ਬ੍ਰਮਦੇਸ਼ ਦੀ 90 ਫ਼ੀਸਦੀ ਆਬਾਦੀ ਪੜ੍ਹੀ-ਲਿਖੀ ਹੈ। ਅੱਜ ਭਾਰਤ ਵਿੱਚ 90 ਪ੍ਰਤੀਸ਼ਤ ਲੋਕ ਅਨਪੜ੍ਹ ਹਨ। ਬ੍ਰਾਹਮਣਾਂ ਨੇ ਸਾਨੂੰ ਸਿੱਖਿਆ ਨਹੀਂ ਦਿੱਤੀ, ਇਸ ਲਈ ਅਜਿਹਾ ਹੋਇਆ ਹੈ। ਧਰਮ ਦਾ ਕਾਨੂੰਨ ਸਾਡੀ ਸਿੱਖਿਆ ਦੇ ਰਾਹ ਵਿੱਚ ਰੁਕਾਵਟਾਂ ਪਾਉਂਦਾ ਹੈ। ਅਸੀਂ ਆਪਣੀ ਸਿੱਖਿਆ ਗੁਆ ਚੁੱਕੇ ਹਾਂ। ਸਾਡੇ ਲੋਕ ਸੋਚਦੇ ਸਨ ਕਿ ਪੱਥਰ ਹੀ ਗਿਆਨ ਹੈ, ਇਸ ਲਈ ਸਾਡੀਆਂ ਧਾਰਮਿਕ ਧਾਰਨਾਵਾਂ ਹੇਠਾਂ ਡਿੱਗਦੀਆਂ ਰਹੀਆਂ। ਪੱਥਰਾਂ ਦੀ ਪੂਜਾ ਕਰਨ ਵਾਲੇ ਸ਼ਰਧਾਲੂ ਸਾਡੇ ਵਿੱਚ ਹਰ ਜਗ੍ਹਾ ਹਨ। ਤੁਕਾਰਾਮ ਨੇ ਇੱਕ ਥਾਂ ਕਿਹਾ ਹੈ ਕਿ ਇਸ ਦਾ ਮਤਲਬ ਹੈ ਕਿ ਜੇ ਭਗਵਾਨ ਗੰਗਾ ਵਰਤ ਰੱਖਣ ਨਾਲ ਜੇ ਬੱਚੇ ਪੈਦਾ ਹੋ ਸਕਦੇ ਹੁੰਦੇ ਤਾਂ ਔਰਤ ਨੂੰ ਸ਼ਾਦੀ ਕਰਕੇ ਪਤੀ ਦੀ ਜ਼ਰੂਰਤ ਨਹੀਂ ਹੁੰਦੀ। "ਨਵਸ ਸਾਆਸੇ ਕੰਨਿਆ, ਪੁਤਰ ਹੋਤੀ, ਤਰੀ ਕਾਸਾਏ ਕੰਨਿਆ ਕਾਰਨੇ ਲਾਗੇ ਪਤੀ! ਇਸ ਦਾ ਇੱਕ ਕਾਰਨ ਹੈ। ਉਨ੍ਹਾਂ ਕੋਲ ਕੋਈ ਸਿੱਖਿਆ ਨਹੀਂ ਸੀ। ਸਿੱਖਿਆ ਇੱਕ ਵੱਡੀ ਚੀਜ਼ ਹੈ। ਮੈਨੂੰ ਵਿੱਦਿਆ ਨਾਲ ਪਾਗਲਪਨ ਤੱਕ ਦਾ ਜਨੂੰਨ ਹੈ। ਦਿੱਲੀ ਵਿੱਚ ਅੱਜ ਮੇਰੇ ਘਰ ਵਿੱਚ ਓਨੀਆਂ ਹੀ ਕਿਤਾਬਾਂ ਹਨ ਜਿੰਨੀਆਂ ਬ੍ਰਾਹਮਣਾਂ ਦੇ ਘਰਾਂ ਵਿੱਚ ਨਹੀਂ ਹੋਣਗੀਆਂ। ਮੇਰੇ ਕੋਲ ਕੁੱਲ 32,000 ਕਿਤਾਬਾਂ ਹਨ। ਇੱਕ ਬ੍ਰਾਹਮਣ ਕੋਲ ਕਿੰਨੀਆਂ ਕਿਤਾਬਾਂ ਹੁੰਦੀਆਂ ਹਨ? ਦਿਖਾਵੇ ਕੋਈ। ਮੇਰੇ ਸਿਰ ਤੇ ਠਾਕੁਰ ਐਂਡ ਕੰਪਨੀ ਤੋਂ ਕਿਤਾਬਾਂ ਦਾ ਹਜ਼ਾਰਾਂ ਰੁਪਏ ਦਾ ਕਰਜ਼ਾ ਬਿੱਲ ਹੈ। ਮੈਨੂੰ ਕਿਤੇ ਵੀ ਕਰਜ਼ਾ ਮਿਲ ਸਕਦਾ ਹੈ। ਜਿੱਥੇ ਮੇਰਾ ਸਿਰ ਕਰਜ਼ਾ ਖੜ੍ਹਾ ਰਹਿੰਦਾ ਹੈ ਮੈਂ ਆਪਣੀ ਕਾਰ ਨੂੰ ਉਸ ਨੂੰ ਚੁਕਤਾ ਕਰਨ ਲਈ ਖੜੀ ਕਰ ਦਿੰਦਾ ਹਾਂ । ਮੈਂ ਗਿਆਨ ਨੂੰ ਲੈ ਕੇ ਪਾਗਲ ਹਾਂ। ਇਸ ਲਈ ਹਰ ਕਿਸੇ ਨੂੰ ਸਿੱਖਣ ਦਾ ਪਿਆਰ ਹੋਣਾ ਚਾਹੀਦਾ ਹੈ। ਕਿਸੇ ਨੂੰ ਔਰਤ ਨਾਲ ਪਿਆਰ ਹੁੰਦਾ ਹੈ। ਅਤੇ ਉਹ ਕਿਸੇ ਹੋਰ ਪਿੰਡ ਵਿੱਚ ਰਹਿੰਦਾ ਹੈ। ਮੰਨ ਲਓ ਕਿ ਰਾਤ ਦੇ ਬਾਰਾਂ ਵਜੇ ਉਹ ਉਸ ਨੂੰ ਯਾਦ ਆ ਜਾਂਦੀ ਹੈ। ਫਿਰ ਉਹ ਰਾਤ ਨੂੰ ਉੱਠਦਾ ਹੈ। ਉਸ ਨੂੰ ਹੋਰ ਕੁੱਝ ਨਜ਼ਰ ਨਹੀਂ ਆ ਰਿਹਾ। ਬਸ ਬਾਹਰ ਨਿਕਲ ਜਾਂਦਾ ਹੈ। ਉਹ ਉਸ ਦੇ ਘਰ ਪਹੁੰਚ ਜਾਂਦਾ ਹੈ। ਜਦੋਂ ਕਿਤਾਬਾਂ ਲਈ ਇੰਨਾ ਪਿਆਰ ਹੋਵੇਗਾ ਤਾਂ ਹੀ ਉਹ ਸਿੱਖਿਆ ਦਾ ਸੱਚਾ ਪੁਜਾਰੀ ਬਣ ਸਕੇਗਾ। ਮੈਂ ਵਿਦਿਆ ਦੀ 24 ਘੰਟੇ ਪੂਜਾ ਕਰਦਾ ਹਾਂ।

ਮੇਰੀ ਦੂਜੀ ਪ੍ਰੇਰਣਾ ਸਵੈ-ਮਾਣ ਹੈ। ਮੈਂ ਕਿਸੇ ਦੀ ਕਦੇ ਮੰਗਣ ਲਈ ਤਰਲੇ ਮਿਨਤ ਨਹੀਂ ਕੀਤੀ। ਮੇਰਾ ਟੀਚਾ ਮੇਰਾ ਪੇਟ ਤਾਂ ਭਰਨਾ ਚਾਹੀਦਾ ਹੈ ਅਤੇ ਆਪਣੇ ਲੋਕਾਂ ਦੀ ਸੇਵਾ ਕਰਨਾ ਸੀ। ਡਾ. ਪਰਾਂਜਪੇ ਦੀ ਬੇਨਤੀ 'ਤੇ ਉਹ ਇੱਕ ਕਾਲਜ ਵਿੱਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਬਣਿਆ। ਫਿਰ ਉਨ੍ਹਾਂ ਨੇ ਮੈਨੂੰ ਤੇਰਾਂ ਭਾਸ਼ਣ ਦੇਣ ਲਈ ਕਿਹਾ। ਮੈਂ ਕਿਹਾ ਕਿ ਮੈਂ ਸਿਰਫ਼ ਚਾਰ ਭਾਸ਼ਣ ਦੇਵਾਂਗਾ। ਮੈਨੂੰ ਰੱਖੋ ਜੇ ਤੁਸੀਂ ਸਹੀ ਮਹਿਸੂਸ ਕਰਦੇ ਹੋ, ਨਹੀਂ ਤਾਂ ਤੁਹਾਡਾ ਅਤੇ ਮੇਰਾ ਰਸਤਾ ਖੁੱਲ੍ਹਾ ਹੈ। ਕਿਉਂਕਿ ਮੈਨੂੰ ਆਪਣੇ ਲੋਕਾਂ ਦੀ ਸੇਵਾ ਕਰਨ ਲਈ ਸਮਾਂ ਚਾਹੀਦਾ ਸੀ। ਮੈਂ ਪੋਯਾਬਾਵਾੜੀ ਦੇ ਕੋਨੇ ਵਿੱਚ ਬਣੀ ਖੋਲੀ ਵਿੱਚ ਰਹਿ ਕੇ ਚਾਵਲ ਦੀ ਰੋਟੀ ਦੇ ਟੁਕੜੇ ਖਾ ਕੇ ਗੁਜਾਰਾ ਕੀਤਾ। ਪਰ ਉਨ੍ਹਾਂ ਨੇ ਸਮਾਜ ਸੇਵਾ ਨਹੀਂ ਛੱਡੀ ਅਤੇ ਵੱਡੀ ਤਨਖਾਹ ਦੇ ਪਿੱਛੇ ਨਹੀਂ ਗਿਆ। ਰਾਹ ਆਪਣੇ ਆਪ ਬਣਦੀ ਚੱਲੀ ਗਈ। ਲੋਕਾਂ ਨੇ ਥੈਲੀਆਂ ਸਵੀਕਾਰ ਕੀਤੀਆ ਅਤੇ ਆਪਣੇ ਘਰ ਬਣਾਏ। ਮੈਂ ਆਪਣੀ ਜਾਣਕਾਰੀ ਦੇ ਇੱਕ ਨੇਤਾ ਤੋਂ ਸੁਣਿਆ ਹੈ ਕਿ ਉਨ੍ਹਾਂ ਨੇ 47 ਹਜ਼ਾਰ ਪ੍ਰੋਮਿਸਰੀ ਨੋਟ ਲਿਖੇ ਅਤੇ ਜਦੋਂ ਲੋਕਾਂ ਨੇ ਲੱਖਾਂ ਰੁਪਏ ਦੀਆਂ ਥੈਲੀਆਂ ਦੀ ਪੇਸ਼ਕਸ਼ ਕੀਤੀ ਤਾਂ ਉਨ੍ਹਾਂ ਨੇ ਕਰਜ਼ਾ ਵਾਪਸ ਕਰਿਆ। ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ। ਮੈਂ ਸਮਾਜ ਦੀ ਸੇਵਾ ਲਈ ਜੋ ਵੀ ਕਰ ਸਕਦਾ ਸੀ, ਕੀਤੀ। ਮੈਂ ਨੌਕਰੀ ਨਹੀਂ ਕਰਨਾ ਚਾਹੁੰਦਾ ਸੀ। ਗਵਰਨਰ ਜਨਰਲ ਜੋ ਵੀ ਆਉਂਦੇ ਸਨ, ਮੇਰੀ ਉਨ੍ਹਾਂ ਨਾਲ ਦੋਸਤੀ ਹੁੰਦੀ ਸੀ। ਪਰ ਮੈਂ ਕਿਸੇ ਨੂੰ ਨਹੀਂ ਕਿਹਾ ਮੈਨੂੰ ਫਲਾਣਾ ਬਣਾ ਦਿਓ, ਮੈਨੂੰ ਫਲਾਣਾ ਜਗ੍ਹਾ ਦਿਓ। ਹਾਂ, ਮੈਂ ਦੂਜਿਆਂ ਲਈ ਕੁਝ ਬੇਨਤੀਆਂ ਕੀਤੀਆਂ ਹੋਣਗੀਆਂ। ਪਰ ਜੇ ਮੈਂ ਕਦੇ ਆਪਣੇ ਲਈ ਚਿੱਠੀ ਲਿਖੀ ਹੋਵੇ, ਤਾਂ ਮੈਨੂੰ ਦਿਖਾ ਦਿਓ। ਮੇਰੀ ਕਾਰਜਕਾਰੀ ਕਾਊਂਸਲਰ ਬਣਨ ਦੀ ਪ੍ਰਬਲ ਇੱਛਾ ਸੀ। ਪੂਰਾ ਹੋ ਗਿਆ ਹੈ। ਹੁਣ ਮੇਰੇ ਕੋਲ ਨਾ ਕੋਈ ਪੈਨਸ਼ਨ, ਕੋਈ ਤਨਖਾਹ ਅਤੇ ਨਾਂ ਹੀ ਕੋਈ ਪ੍ਰੋਵੀਡੈਂਟ ਫੰਡ ਹੈ। ਕੁਝ ਵੀ ਨਹੀਂ। ਇੱਕ ਵਾਰ ਅੰਗਰੇਜ਼ੀ ਰਾਜ ਵਿੱਚ ਕਾਊਂਸਲਰਸਿਪ ਲਈ। ਇੱਕ ਵਾਰ ਕਾਂਗਰਸ ਵਿੱਚ। ਪਰ ਮੈਂ ਕਾਂਗਰਸ ਨਾਲ ਨਹੀਂ ਹਾਂ। ਮੈਂ ਜੱਜ ਬਣ ਸਕਦਾ ਸੀ। ਪਰ ਇਸ ਤਰ੍ਹਾਂ ਆਪਣੇ ਆਪ ਨੂੰ ਫਸਾ ਕੇ ਰੱਖਣ ਦਾ ਕੀ ਮਤਲਬ ਸੀ? ਇਸ ਲਈ, ਮੈਂ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਦੀਨਤਾ ਨਹੀਂ ਹੋਣੀ ਚਾਹੀਦੀ। ਆਪਣੇ ਆਪ ਉੱਤੇ ਵਿਸ਼ਵਾਸ ਕਰੋ ਕਿ ਮੈਂ ਕੁਝ ਹਾਂ। ਮੈਂ ਭਗਵਾਨ ਨੂੰ ਵੀ ਇੰਨਾ ਘੱਟ ਆਂਕਦਾ ਹਾਂ ਕਿ ਮੇਰਾ ਸਵੈ-ਮਾਣ ਐਨਾ ਤੇਜਸਵੀ ਹੈ। ਇੱਥੋਂ ਤੱਕ ਕਿ ਜੇਕਰ ਰੱਬ ਜਾਂ ਦੇਵਤਾ ਹੈ, ਉਹ ਵੀ ਮੇਰੇ ਸਵੈ-ਮਾਣ ਦੇ ਤੇਜ ਦਾ ਸਾਹਮਣਾ ਨਹੀਂ ਕਰ ਸਕਦਾ।

ਅਤੇ ਮੇਰੀ ਤੀਜੀ ਪ੍ਰੇਰਣਾ ਚਰਿੱਤਰ ਹੈ। ਮੈਨੂੰ ਯਾਦ ਨਹੀਂ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਕਿਸੇ ਨੂੰ ਧੋਖਾ ਦਿੱਤਾ, ਕਿਸੇ ਨੂੰ ਧੋਖਾ ਦਿੱਤਾ ਜਾਂ ਸੁਆਰਥ ਲਈ ਪਾਪ ਕੀਤਾ। ਮੈਨੂੰ ਇਸ 'ਤੇ ਮਾਣ ਮਹਿਸੂਸ ਹੁੰਦਾ ਹੈ। ਮੈਨੂੰ ਕਈ ਵਾਰ ਵਿਦੇਸ਼ ਗਿਆ ਹਾਂ। ਪਰ ਹੁਣ ਤੱਕ ਮੈਂ ਕਦੇ ਸ਼ਰਾਬ ਨਹੀਂ ਪੀਤੀ ਅਤੇ ਨਾ ਹੀ ਸਿਗਰਟ ਪੀਤੀ ਹੈ। ਮੈਂ ਕਿਸੇ ਵੀ ਚੀਜ਼ ਦਾ ਆਦੀ ਨਹੀਂ ਹਾਂ। ਕਿਤਾਬਾਂ ਅਤੇ ਕੱਪੜੇ ਮੇਰੀਆਂ ਦੋ ਮਨਪਸੰਦ ਚੀਜ਼ਾਂ ਹਨ। ਚਰਿੱਤਰ ਵਿਕਾਸ ਦਾ ਗੁਣ ਮੇਰੇ ਅੰਦਰ ਵੱਡੇ ਪੈਮਾਨੇ ਤੇ ਹੈ। ਮੈਨੂੰ ਇਹ ਕਹਿਣ 'ਤੇ ਬਹੁਤ ਮਾਣ ਮਹਿਸੂਸ ਹੁੰਦਾ ਹੈ।

ਇਸ ਤਰ੍ਹਾਂ ਮੇਰੇ ਕੋਲ ਤਿੰਨ ਗੁਰੂ ਅਤੇ ਤਿੰਨ ਪ੍ਰੇਰਣਾਵਾਂ ਹਨ। ਉਨ੍ਹਾਂ ਤੋਂ ਹੀ ਮੈਂ ਬਣਿਆ ਹਾਂ। ਉਨ੍ਹਾਂ ਦੀ ਸ਼ਕਤੀ ਨਾਲ ਹੀ ਮੈਂ ਇਸ ਸਥਿਤੀ ਤੱਕ ਪਹੁੰਚਿਆ ਹਾਂ। ਮੈਂ ਕੇਵਲ ਕਾਰਨ ਹਾਂ। ਮੈਂ ਸਿਰਫ਼ ਇੱਕ ਮੂਰਤੀ ਹਾਂ ਜਿਸ ਦੀ ਜ਼ਿੰਦਗੀ ਉਨ੍ਹਾਂ ਦੇ ਕਾਰਨ ਹੈ। ਇਸ ਲਈ ਉਨ੍ਹਾਂ ਦੀ ਪਾਲਣਾ ਕਰੋ। ਮੈਂ ਇਹ ਕਹਿ ਕੇ ਇਹ ਰਕਮ ਸਵੀਕਾਰ ਕਰ ਰਿਹਾ ਹਾਂ ਕਿ ਤੁਸੀਂ ਮੈਨੂੰ ਸਿਰਫ਼ ਉਸ ਵਿਅਕਤੀ ਲਈ ਹੀ ਨਹੀਂ, ਬਲਕਿ ਇਨ੍ਹਾਂ ਤਿੰਨ ਉੱਚ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਸ਼ੁਕਰਾਨੇ ਵਜੋਂ ਸਨਮਾਨਿਤ ਕੀਤਾ ਹੈ।

ਬਾਕੀ ਦਾ ਭਾਗ ਕੱਲ੍ਹ

# ਡਾਕਟਰ ਅਵਿਨਾਸ਼ ਰਾਣਾ ਸਟੇਟ ਐਵਾਰਡ ਨਾਲ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,10 ਅਪ੍ਰੈਲ (ਜਗਸੀਰ ਸਿੰਘ) ਅੱਜ ਸ੍ਰੀ ਮਸਤੂਆਣਾ ਸਾਹਿਬ ਵਿਖੇ ਭਾਰਤੀ ਅੰਬੇਦਕਰ ਮਿਸ਼ਨ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਤੇ ਕਰਵਾਏ ਗਏ ਸਟੇਟ ਐਵਾਰਡ ਸਮਾਰੋਹ ਵਿੱਚ ਪੰਜਾਬੀ ਕਾਇਨਾਤ ਮੈਗਜੀਨ ਦੇ ਸੰਪਾਦਕ ਡਾਕਟਰ ਅਵਿਨਾਸ਼ ਰਾਣਾ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਇਸ ਸਮੇਂ ਮੰਚ ਤੋਂ ਬੋਲਦੇ ਹੋਏ ਡਾਕਟਰ ਅਵਿਨਾਸ਼ ਰਾਣਾ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਇਕੱਲੇ ਦਬੇ ਕੁਚਲੇ ਭਾਈਚਾਰੇ ਲਈ ਹੀ ਨਹੀਂ ਬਲਕਿ ਸਾਰੇ ਭਾਰਤ ਵਾਸੀਆਂ ਲਈ ਇੱਕ ਚਾਨਣ ਮੁਨਾਰੇ ਹਨ, ਉਹਨਾਂ ਨੇ ਵਿਦਿਆ ਦੇ ਖੇਤਰ ਵਿੱਚ ਅਤੇ ਦਲਿਤ ਸਮਾਜ ਦੇ ਖੇਤਰ ਵਿੱਚ ਜਿੰਨਾ ਕੰਮ ਕੀਤਾ ਹੈ ਉਸਦੇ ਮਿਸਾਲ ਅੱਜ ਤੱਕ ਕਿਤੇ ਨਹੀਂ ਮਿਲਦੀ,ਡਾਕਟਰ ਭੀਮ ਰਾਓ ਅੰਬੇਦਕਰ ਨੂੰ ਸਾਡਾ ਦਿਲੋਂ ਨਮਨ ਹੈ, ਉਨਾਂ ਨੇ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਵਿਸ਼ਵ ਨੂੰ ਇੱਕ ਸਭ ਤੋਂ ਲੰਬਾ ਅਤੇ ਬਿਸਤਰਿਤ ਲਿਖਤੀ ਸੰਵਿਧਾਨ ਦਿੱਤਾ ਹੈ ਭਾਵੇਂ ਸੰਵਿਧਾਨ ਦੀ ਰਚਨਾ ਲਈ ਉਹਨਾਂ ਦੇ ਨਾਲ ਪੂਰੀ ਟੀਮ ਦੇ ਸੱਤ ਮੈਂਬਰ ਸਨ ਪਰੰਤੂ ਸਭ ਤੋਂ ਵੱਡਾ ਕਾਰਜ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਹੀ ਸੀ ਉਹਨਾਂ ਨੇ ਦੋ ਸਾਲ 11 ਮਹੀਨੇ 18 ਦਿਨਾਂ ਵਿੱਚ ਇਸ ਸੰਵਿਧਾਨ ਦੀ ਰਚਨਾ ਕਰਕੇ ਭਾਰਤ ਨੂੰ ਇੱਕ ਵਿਸ਼ਾਲ ਅਤੇ ਲਿਖਤੀ ਸੰਵਿਧਾਨ ਦਿੱਤਾ,ਮੰਚ ਤੇ ਬੋਲਦੇ ਹੋਏ ਉਹਨਾਂ ਕਿਹਾ ਕਿ ਦਰਸ਼ਨ ਕਾਂਗੜਾ ਜੀ ਅਤੇ ਪੂਨਮ ਕਾਂਗੜਾ ਵੱਲੋਂ ਕੀਤੇ ਗਏ ਇਹ ਯਤਨ ਬਹੁਤ ਹੀ ਪ੍ਰਸ਼ੰਸ਼ਾ ਯੋਗ ਹਨ , ਇਸ ਸਮੇ ਮੰਚ ਤੋਂ ਸੰਬੋਧਨ ਕਰਦੇ ਹੋਏ ਭਾਜਪਾ ਆਗੂ ਅਰਵਿੰਦ ਖੰਨਾ ਨੇ ਆਖਿਆ ਕਿ ਭੀਮ ਰਾਓ ਅੰਬੇਦਕਰ ਵੱਲੋਂ ਬਣਾਏ ਗਏ ਸੰਵਿਧਾਨ ਨੂੰ ਕੋਈ ਵੀ ਨਹੀਂ ਬਦਲ ਸਕਦਾ, ਇਸ ਸਮੇਂ ਬੋਲਦੇ ਹੋਏ ਅਕਾਲੀ ਆਗੂ ਵਿਨਰਜੀਤ ਗੋਲਡੀ ਨੇ ਕਿਹਾ ਕਿ ਭਾਰਤੀ ਸੰਵਿਧਾਨ ਸਾਡੇ ਸਾਰਿਆਂ ਲਈ ਸਤਿਕਾਰ ਯੋਗ ਹੈ ਇਸ ਸਮੇਂ ਵਿਸ਼ੇਸ਼ ਰੂਪ ਵਿੱਚ ਪਹੁੰਚੇ ਐਮਐਲਏ ਪ੍ਰਿੰਸੀਪਲ ਬੁਧਰਾਮ ਨੇ ਆਖਿਆ ਕਿ ਡਾਕਟਰ ਭੀਮ ਰਾਓ ਅੰਬੇਦਕਰ ਨੇ ਹਰ ਵਰਗ ਲਈ ਕੰਮ ਕੀਤਾ ਹੈ , ਸਾਬਕਾ ਸੰਸਦੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ ਨੇ ਆਖਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਲਿਖਿਆ ਗਿਆ ਸੰਵਿਧਾਨ ਭਾਰਤ ਲਈ ਹਮੇਸ਼ਾ ਚਾਨਣ ਮੁਨਾਰਾ ਰਹੇਗਾ, ਇਸ ਸਮੇਂ ਦਰਸ਼ਨ ਕਾਂਗੜਾ ਪੂਨਮ ਕਾਂਗੜਾ ਨੇ ਵੀ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਬਾਰੇ ਬਹੁਤ ਵਿਸਥਾਰ ਪੂਰਵਕ ਚਾਨਣ ਪਾਇਆ,ਇਸ ਸਮੇਂ ਹੋਰਨਾਂ ਤੋਂ ਇਲਾਵਾ ਬਾਬਾ ਪਰਮਜੀਤ ਸਿੰਘ ਹਰੇੜੀ ਵਾਲੇ, ਜੱਸੀ ਮਾਨ ਛਾਜਲੀ,ਨਿਰਭੈ ਸਿੰਘ ,ਗੁਰਸੇਵਕ ਸਿੰਘ ਕਮਾਲਪੁਰ ,ਜਗਸੀਰ ਸਿੰਘ, ਆਦੀ ਤੋਂ ਇਲਾਵਾ ਪੰਜਾਬ ਹਰਿਆਣਾ ਹਿਮਾਚਲ ਦਿੱਲੀ ਅਤੇ ਹੋਰ ਸਾਰੇ ਸ਼ਹਿਰਾਂ ਤੋਂ ਆਏ ਮਹਿਮਾਨਾਂ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਨਮਨ ਕੀਤਾ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਦਰਸ਼ਨ ਕਾਂਗੜਾ ਜੀ ਨੇ ਕੀਤਾ ।ਇਸ ਸਮਾਗਮ ਵਿੱਚ ਇਲਾਕੇ ਭਰ ਦੀਆਂ ਸੈਂਕੜੇ ਸ਼ਖਸ਼ੀਅਤ ਨੇ ਸ਼ਿਰਕਤ ਕੀਤੀ ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

# ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ

## 12 ਅਪ੍ਰੈਲ 1952

ਸ:ਕਸ਼ਮੀਰ ਸਿੰਘ ਭੁਲੱਥ
814609195



ਪਦਮ ਸ਼੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ ਦਾ ਜਨਮ ਪਿਤਾ ਗਿਆਨੀ ਚੰਨਣ ਸਿੰਘ ਅਤੇ ਮਾਤਾ ਸਰਦਾਰਨੀ ਗੁਰਦੇਵ ਕੌਰ ਦੇ ਗ੍ਰਹਿ ਵਿਖੇ 12 ਅਪ੍ਰੈਲ 1952 ਨੂੰ ਉਹਨਾਂ ਦੇ ਨਾਨਕੇ ਪਿੰਡ ਜੰਡ ਵਾਲਾ ਭੀਮੇ ਸ਼ਾਹ ਜਿਲਾ ਫਿਰੋਜ਼ਪੁਰ ਵਿੱਚ ਹੋਇਆ ਸੀ ।

ਦੇਸ਼ ਦੀ ਵੰਡ ਵੇਲੇ ਗਿਆਨੀ ਚੰਨਣ ਸਿੰਘ ਪਰਿਵਾਰ ਲਹਿੰਦਾ ਪੰਜਾਬ (ਪਕਿਸਤਾਨ) ਛੱਡ ਕੇ ਚੜਦੇ ਪੰਜਾਬ ਦੇ ਜਿਲ੍ਹਾ ਜਲੰਧਰ ਦੇ ਸ਼ਾਹਕੋਟ ਮਲਸੀਆਂ ਦੇ ਮੰਡ ਖੇਤਰ ਵਿੱਚ ਆ ਵਸੇ ਸਨ ਕਿਉਂਕਿ ਸ: ਚੰਨਣ ਸਿੰਘ ਨੂੰ ਜੱਦੀ ਜਮੀਨ ਇਸ ਇਲਾਕੇ ਵਿੱਚ ਅਲਾਟਮੈਂਟ ਹੋਈ ਸੀ ।

ਸ:ਚੰਨਣ ਸਿੰਘ ਦਾ ਵੱਡਾ ਪਰਿਵਾਰ ਸੀ 6ਭਰਾਵਾਂ ਦੇ ਇਕਜੁੱਟ ਪਰਿਵਾਰ ਨੇ ਆਪਣਾ ਇਥੇ ਰਹਿਣ ਬਸੇਰਾ ਬਣਾ ਕੇ ਖੇਤੀਬਾੜੀ ਕਰਨ ਲੱਗ ਪਏ ਸਨ । ਭਾਈ ਨਿਰਮਲ,ਸਿੰਘ ਜੀ ਪੜਨ ਲਾਇਕ ਹੋਏ ਤਾ ਪਿੰਡ ਦੇ ਸਕੂਲ ਪੜ੍ਹਨ ਲਈ ਭੇਜਿਆ ਗਿਆ ਪਰਿਵਾਰ ਵਿੱਚ ਗਰੀਬੀ ਹੋਣ ਕਰਕੇ 5ਵੀਂ ਕਲਾਸ ਹੀ ਪਾਸ ਕਰ ਸਕੇ ਤੇ ਪੜ੍ਹਾਈ ਛੱਡ ਪਿਤਾ ਸ: ਚੰਨਣ ਸਿੰਘ ਦੇ ਨਾਲ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਲਗ ਪਏ ਸਨ ।

ਭਾਈ ਨਿਰਮਲ ਸਿੰਘ ਜੀ ਅਕਸਰ ਹੀ ਕੰਮ ਕਰਦੇ ਕਰਦੇ ਕੁੱਝ ਨਾ ਕੁੱਝ ਗੁਣਗਣਾਉਦੇ ਰਹਿੰਦੇ ਸਨ । ਜਾਂ ਵਕਤ ਮਿਲਦਾ ਤਾ ਰੇਡਿਓ ਤੇ ਆਉਣ ਵਾਲੇ ਪਰੋਗਰਾਮ ਸੁਣਦੇ ਰਹਿੰਦੇ ਸਨ । ਪਕਿਸਤਾਨ ਰੇਡਿਓ ਤੋਂ ਆਉਣ ਵਾਲੇ ਪਰੋਗਰਾਮ ਪੰਜਾਬੀ ਦਰਬਾਰ ਤੇ ਸ਼ਾਮ ਏ ਗਜਲ ਮਨ ਪਸੰਦੀਦਾ ਪਰੋਗਰਾਮ ਸੀ ਜਿਸ ਨੂੰ ਅਕਸਰ ਹੀ ਸੁਣਿਆ ਕਰਦੇ ਸਨ ।

ਇਸ ਪ੍ਰੋਗਰਾਮ ਜਿਆਦਤਰ ਮੇਹਦੀ ਹਸਨ, ਗੁਲਾਮ ਅਲੀ ਖਾਨ, ਨੂਰ ਜਹਾਂ, ਰੇਸ਼ਮਾ ਨੂੰ ਸੁਣਨਾ ਬਹੁਤ ਚੰਗਾ ਲੱਗਦਾ ਸੀ ।

ਪੰਜਾਬੀ ਦਰਬਾਰ ਵਿਚ ਉਨ੍ਹਾਂ ਭਾਈ ਮਰਦਾਨੇ ਜੀ ਦੀ ਪੀੜ੍ਹੀ 'ਚੋਂ ਭਾਈ ਲਾਲ ਜੀ ਅਤੇ ਭਾਈ ਸੰਤਾ ਸਿੰਘ ਜੀ ਤੇ ਭਾਈ ਸਮੁੰਦ ਸਿੰਘ ਨੂੰ ਜਿਆਦਾ ਸੁਣਦੇ ਸਨ । ਪਰ ਉਸ ਵਕਤ ਇਹ ਨਹੀਂ ਸੀ ਪਤਾ ਕੇ ਐਨੇ ਮਹਾਨ ਕਲਾਕਾਰ ਹਨ ।ਇਹ ਅਜੀਬ ਅਹਿਸਾਸ ਸੀ ਕਿ ਭਾਈ ਸਾਹਿਬ ਨੂੰ ਪਿੰਡਾਂ ਵਿਚ ਗਾਉਂਦੇ ਹੋਏ ਮਰਾਸੀ ਬਹੁਤ ਵਧੀਆ ਲੱਗਦੇ ਸਨ । ਮਰਾਸੀਆਂ ਨੂੰ ਗਾਉਂਦਿਆਂ ਦੇਖ ਕੇ ਭਾਈ ਸਾਹਿਬ ਦਾ ਗਾਉਣ ਨੂੰ ਦਿਲ ਕਰਦਾ ਸੀ ਪਰ ਕਦੇ ਹਿੰਮਤ ਨਹੀਂ ਹੋਈ ਕਿਉਂਕਿ ਘਰ ਦੇ ਹਾਲਾਤ ਸਾਹਮਣੇ ਸਨ ।

ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦੇ ਦੂਜੇ ਉਸਤਾਦ ਪਾਕਿਸਤਾਨ ਦੇ ਗ਼ਜ਼ਲ ਗਵੱਈਏ ਉਸਤਾਦ ਗ਼ੁਲਾਮ ਅਲੀ ਖ਼ਾਨ ਜੀ ਸਨ।

ਭਾਈ ਨਿਰਮਲ ਸਿੰਘ ਜੀ ਨੇ ਪਹਿਲੀ ਵਾਰੀ ਹਿੰਮਤ ਕਰਕੇ ਆਪਣੇ ਪਿਤਾ ਜੀ ਨੂੰ ਦੱਸਿਆ ਕੇ ਉਹ ਸੰਗੀਤ ਸਿੱਖਣਾ ਚਾਹੁੰਦਾ ਹੈ ਪਰ ਪਿਤਾ ਜੀ ਦਾ ਜਬਾਬ ਸੀ ਇਹ ਕੰਮ ਜਿਮੀਂਦਾਰ ਪਰਿਵਾਰਾਂ ਨੂੰ ਚੰਗਾ ਨਹੀਂ ਲਗਦਾ ਆਪਣਾਂ ਕੰਮ ਖੇਤੀਬਾੜੀ ਕਰਨਾ ਹੈ ਪਰ ਸਮੇਂ ਨੂੰ ਕੁਝ ਹੋਰ ਹੀ ਮਨਜੂਰ ਸੀ । ਭਾਈ ਸਾਬ ਨੇ ਜਦੋ ਇਹੀ ਇਛਾ ਆਪਣੀ ਮਾਤਾ ਗੁਰਦੇਵ ਕੌਰ ਜੀ ਨੂੰ ਦੱਸੀ ਤਾ ਮਾਂ ਕੋਲੋਂ ਰਿਹਾ ਨਾ ਗਿਆ ਪੁਤਰ ਦਾ ਸਾਥ ਦੇਣ ਲਈ ਰਾਜੀ ਹੋ ਗਈ ।

ਮਾਤਾ ਗੁਰਦੇਵ ਕੌਰ ਕੋਲ ਇਕ ਸੋਨੇ ਦੀ ਮੁੰਦਰੀ ਸੀ ਜੋ ਉਹਨਾਂ ਨੂੰ ਕਿਸੇ ਨੇ ਗਿਫਟ ਕੀਤੀ ਹੋਈ ਸੀ ਭਾਈ ਸਾਬ ਨੂੰ ਦੇ ਦਿੱਤੀ ।

ਭਾਈ ਨਿਰਮਲ ਸਿੰਘ ਜੀ ਨੇ ਉਸ ਸਮੇ ਉਹ ਮੁੰਦਰੀ ਨੂੰ ਮਾਤਰ 30 ਰੁਪਏ ਵਿੱਚ ਵੇਚ ਦਿੱਤੀ ਜੋ ਉਸ ਵਕਤ ਕਾਫੀ ਸੀ ।

ਉਸ ਵਿੱਚੋਂ ਇਕ ਰੁਪਏ ਦੀ ਟਿਕਟ ਲੈ ਕੇ ਅੰਮ੍ਰਿਤਸਰ ਆ ਪਹੁੰਚੇ ਸਨ ।

ਭਾਈ ਨਿਰਮਲ ਸਿੰਘ ਜੀ ਦੇ ਚਾਚਾ ਗੁਰਬਚਨ ਸਿੰਘ ਜੋ ਉਸ ਸਮੇ ਕੀਰਤਨ ਕਰਦੇ ਸਨ ਤੇ ਨਾਲ ਹੀ ਸੰਤ ਫਤਹਿ ਸਿੰਘ ਦੇ ਡਰਾਈਵਰ ਸਨ ਜੋ ਅਕਾਲੀ ਦਲ ਦੇ ਪ੍ਰਧਾਨ ਸਨ ।

ਚਾਚਾ ਗੁਰਬਚਨ ਸਿੰਘ ਜੀ ਨੇ ਸੰਗੀਤ ਸਿੱਖਣ ਲਈ ਭਾਈ ਸਾਹਿਬ ਨੂੰ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ( ਜੋ ਪੁਤਲੀਘਰ ਦੇ ਨਜਦੀਕ ਸੀ) ਵਿੱਚ ਦਾਖਲ ਕਰਵਾ ਦਿੱਤਾ ਉਹਨਾਂ ਦੇ ਉਸਤਾਦ ਸ: ਅਵਤਾਰ ਸਿੰਘ ਨਾਜ ਜੀ ਸਨ । ਚਾਚਾ ਗੁਰਬਚਨ ਸਿੰਘ ਨੇ ਸ੍ਰੋਮਣੀ ਕਮੇਟੀ ਕੋਲ ਵਜ਼ੀਫੇ ਦੀ ਮੱਦਦ ਕਰਨ ਲਈ ਅਰਜੀ ਦਿੱਤੀ ਗਈ ਜੋ ਮਨਜ਼ੂਰ ਹੋਈ । ਸ੍ਰੋਮਣੀ ਕਮੇਟੀ ਵਲੋਂ ਭਾਈ ਸਾਬ ਨੂੰ 70 ਰੁਪਏ ਵਜ਼ੀਫੇ ਦੇ ਰੂਪ ਵਿੱਚ ਮਿਲਦੇ ਰਹੇ ਜੋ ਉਸ ਵਕਤ ਬਹੁਤ ਵੱਡੀ ਮੱਦਦ ਸੀ ।

ਸੰਗੀਤ ਵਿਦਿਆ ਪੂਰੀ ਕਰਨ ਤੋਂ ਬਾਅਦ ਭਾਈ ਨਿਰਮਲ ਸਿੰਘ ਜੀ ਗੁਰਮਿਤ ਕਾਲਜ ਰਿਸ਼ੀ ਕੇਸ਼ ਬਤੌਰ ਮੁਲਾਜ਼ਮ ਭਰਤੀ ਹੋ ਗਏ ।ਇਥੋਂ ਹੀ ਉਹਨਾਂ ਦੇ ਸੰਗੀਤ ਦਾ ਸਫਰ ਸ਼ੁਰੂ ਹੋ ਗਿਆ ।

### ਸੰਨ 1991

ਸਮਾਂ ਆਪਣੀ ਚਾਲੇ ਤੁਰਦਾ ਗਿਆ ਅਤੇ ਅਖੀਰ 6ਅਕਤੂਬਰ 1991 ਦਾ ਦਿਨ ਆ ਗਿਆ । ਇਸ ਤਰੀਕ ਨੇ ਭਾਈ ਸਾਹਿਬ ਦੀ ਜਿੰਦਗੀ ਵਿੱਚ ਨਵਾਂ ਇਤਿਹਾਸਕ ਪੰਨਾ ਜੋੜ ਦਿੱਤਾ । 6 ਅਕਤੂਬਰ ਨੂੰ ਲੁਧਿਆਣੇ ਵਿਖੇ ਜਵੱਦੀ ਟਕਸਾਲ ਵਲੋਂ ਕੀਰਤਨ ਦਰਬਾਰ ਸਜਾਇਆ ਗਿਆ। ਰਵਾਇਤੀ ਰਾਗਾਂ ਤੇ ਅਧਾਰਿਤ ਗੁਰਮਤਿ ਸੰਗੀਤ ਦੇ ਸਰਵਣ ਕੀਤੇ ਇਸ ਕੀਰਤਨ ਨੇ ਭਾਈ ਸਾਹਿਬ ਨੂੰ ਮਸ਼ਹੂਰ ਕਰ ਦਿੱਤਾ ਕੇ 8 ਅਕਤੂਬਰ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਵਿਸ਼ੇਸ਼ ਚਰਚਾ ਸੀ, ਜੋ ਭਾਈ ਨਿਰਮਲ ਸਿੰਘ ਮੁਤਾਬਕ ਉਨ੍ਹਾਂ ਦੀ ਜ਼ਿੰਦਗੀ ਦਾ ਵੱਡਾ ਮੋੜ ਸੀ

1991 ਵਿੱਚ ਹੀ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਬਤੌਰ ਸਹਾਇਕ ਹਜ਼ੂਰੀ ਰਾਗੀ ਦੀ ਸੇਵਾ ਸ਼ੁਰੂ ਕੀਤੀ ਭਾਈ ਗੁਰਮੇਜ ਸਿੰਘ ਜੀ ਭਾਈ ਨਿਰਮਲ ਸਿੰਘ ਜੀ ਸੀਨੀਅਰ ਹਜੂਰੀ ਰਾਗੀ ਸਨ ਭਾਈ ਗੁਰਮੇਜ ਸਿੰਘ ਦਿਵਿਆਂਗ ਸਨ ।

ਫਿਰ ਉਨ੍ਹਾਂ ਨੇ ਆਪਣਾ ਜੱਥਾ ਬਣਾ ਲਿਆ ਅਤੇ ਰੋਹਤਕ,ਰਿਸ਼ੀਕੇਸ਼, ਤਰਨਤਾਰਨ, ਬੁੱਢਾ ਜੌਹੜ, ਰਾਜਸਥਾਨ ਵਿਖੇ ਸੇਵਾਵਾਂ ਨਿਭਾਈਆਂ।

1979 'ਚ ਉਨ੍ਹਾਂ ਨੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਆਰੰਭ ਕੀਤੀ ਤੇ ਲੰਮਾ ਸਮਾਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ।



ਭਾਈ ਨਿਰਮਲ ਸਿੰਘ ਜੀ ਵਲੋਂ ਅੰਮ੍ਰਿਤ ਵੇਲੇ ਗਾਈ ਜਾਂਦੀ 'ਆਸਾ ਦੀ ਵਾਰ' ਦਾ ਸੰਗਤ ਵਿਚ ਇਕ ਅਦਭੁੱਤ ਆਨੰਦ ਸੀ। ਰਾਗ ਆਸਾ ਦੀਆਂ ਧੁਨਾਂ ਨੂੰ ਉਨ੍ਹਾਂ ਨੇ ਸਹਿਜੇ ਹੀ ਛੂਹਣਾ ਅਤੇ ਸੰਗਤ ਵਿਚ ਰੂਹਾਨੀ ਕੀਰਤਨ ਦਾ ਆਨੰਦ ਵੇਖਣ ਵਾਲਾ ਹੁੰਦਾ ਸੀ।

ਉਹਨਾਂ ਵਲੋਂ ਗਾਇਆ ਜਾਂਦਾ 'ਬਬੀਹਾ ਅੰਮ੍ਰਿਤ ਵੇਲੇ ਬੋਲਿਆ' ਸ਼ਬਦ ਸੁਣਨ ਵਾਲਿਆਂ ਨੇ ਵਾਰ-ਵਾਰ ਸੁਣਿਆ ਹੈ । ਗੁਰਮਤਿ ਸੰਗੀਤ ਦੀ ਮਜਲਿਸ ਵਿਚ ਉਨ੍ਹਾਂ ਨੇ ਰਵਾਇਤੀ ਗੁਰਮਤਿ ਸੰਗੀਤ ਨੂੰ ਨਵੇਂ ਜ਼ਮਾਨੇ ਦੀ ਸਮਝ ਵਿਚ ਨਵੀਂ ਨੁਹਾਰ ਦਿੱਤੀ।

ਭਾਈ ਨਿਰਮਲ ਸਿੰਘ ਖ਼ਾਲਸਾ ਜੀ ਵਲੋਂ ਗਾਈ ਹੋਈ 'ਆਸਾ ਦੀ ਵਾਰ' ਗੁਰਮਤਿ ਸੰਗੀਤ ਨੂੰ ਸੁਣਨ ਵਾਲਿਆਂ ਵਿਚ ਬਹੁਤ ਚਰਚਿਤ ਰਹੀ ਹੈ। ਭਾਈ ਨਿਰਮਲ ਸਿੰਘ ਖਾਲਸਾ ਅਤੇ ਜਥੇ ਵਲੋਂ ਸਭ ਤੋਂ ਪਹਿਲਾਂ ਆਸਾ ਦੀ ਵਾਰ 1994 ਵਿਚ ਭਾਰਤ ਦੀ ਜਾਨੀਮਾਨੀ ਟੀ ਸੀਰੀਜ ਕੰਪਨੀ ਵਲੋ ਰਿਕਾਰਡਿੰਗ ਕੀਤੀ ਗਈ ਸੀ । ਜਿਸ ਨੇ 90 ਲੱਖ ਤੋ ਵੱਧ ਵਿਕਣ ਦਾ ਰਿਕਾਰਡ ਬਣਾਇਆ ।

ਭਾਈ ਨਿਰਮਲ ਸਿੰਘ ਖਾਲਸਾ ਜੀ ਨੂੰ 5 ਤਖਤਾਂ ਸਮੇਤ ਦੇਸ਼ ਦੇ ਹਜਾਰਾਂ ਗੁਰਦੁਆਰਾ ਸਾਹਿਬ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਸੀ ।

ਭਾਈ ਸਹਿਬ ਨੇ 71 ਦੇਸ਼ਾ ਵਿੱਚ ਸਿੱਖ ਸਰਧਾਲੂਆਂ ਵਲੋਂ ਕਰਵਾਏ ਗਏ ਧਾਰਮਿਕ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਸੀ ।

1984 ਦੇ ਕਾਲੇ ਦੌਰ ਵਿੱਚ ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਨੂੰ ਬਹੁਤ ਨਜਦੀਕ ਤੋਂ ਹੰਢਾਇਆ ਸੀ । ਉਹ ਖੁਦ ਬਿਆਨ ਕਰਦੇ ਸਨ ਦੋਨਾਂ ਪਾਸਿਆਂ ਤੋਂ ਵਰਦੀਆਂ ਗੋਲੀਆਂ ਤੇ ਚਲਦੀਆਂ ਤੋਪਾਂ ਦੌਰਾਨ ਦਰਬਾਰ ਸਾਹਿਬ ਵਿੱਚ ਲਗਭਗ 9 ਘੰਟੇ ਲਗਾਤਾਰ ਕੀਰਤਨ ਕੀਤਾ ਸੀ ।

ਉਨ੍ਹਾਂ ਦੀ ਸ਼ਖ਼ਸੀਅਤ ਦਾ ਵੱਡਾ ਪਹਿਲੂ ਉਨ੍ਹਾਂ ਦੀ ਕਲਮੀ ਤਾਕਤ ਸੀ। ਉਨ੍ਹਾਂ ਨੇ 2 ਕਿਤਾਬਾਂ 'ਗੁਰਮਤਿ ਸੰਗੀਤ ਦੇ ਅਨਮੋਲ ਹੀਰੇ' ਅਤੇ 'ਪ੍ਰਸਿੱਧ ਕੀਰਤਨਕਾਰ ਬੀਬੀਆਂ' ਲਿਖੀਆਂ ਹਨ ਜੋ ਯੂਨੀਵਰਸਟੀ ਦੇ ਸਿਲੇਬਸ ਵਿੱਚ ਪੜ੍ਹਾਈਆ ਜਾਦੀਆ ਹਨ ।

ਭਾਈ ਨਿਰਮਲ ਸਿੰਘ ਖਾਲਸਾ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਚੋਣ ਕਮੇਟੀ ਦੇ ਸਰਗਰਮ ਮੈਂਬਰ ਸਨ। ਇਸ ਤੋਂ ਇਲਾਵਾ ਉਹ ਅਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਮਹਾਨ ਕਲਾਕਾਰ ਸਨ ਅਤੇ ਨਾਲ ਹੀ ਆਲ ਇੰਡੀਆ ਰੇਡੀਓ ਜਲੰਧਰ ਦੀ ਸੁਗਮ ਸੰਗੀਤ ਚੋਣ ਕਮੇਟੀ ਦੇ ਮੈਂਬਰ ਵੀ ਸਨ।

ਆਪਣੀ ਮਧੁਰ ਆਵਾਜ਼ ਅਤੇ ਸੰਗੀਤਕ ਪ੍ਰਤਿਭਾ ਸਦਕਾ ਉਨ੍ਹਾਂ ਨੇ ਤਕਰੀਬਨ ਅੱਧੀ ਤੋਂ ਜ਼ਿਆਦਾ ਦੁਨੀਆ ਗਾਹ ਮਾਰੀ। ਗਜ਼ਲ ਸਮਰਾਟ ਗੁਲਾਮ ਅਲੀ ਅਤੇ ਭਾਈ ਨਿਰਮਲ ਸਿੰਘ ਜੀ ਦਰਮਿਆਨ ਬਹੁਤ ਨਿੱਘੇ ਰਿਸ਼ਤੇ ਸਨ ਅਤੇ ਭਾਈ ਸਾਹਿਬ ਉਨ੍ਹਾਂ ਨੂੰ ਆਪਣਾ ਉਸਤਾਦ ਮੰਨਦੇ ਸਨ।

ਭਾਈ ਨਿਰਮਲ ਸਿੰਘ ਖ਼ਾਲਸਾ ਵੱਖ-ਵੱਖ ਸਟੇਜਾਂ ਤੋਂ ਅਕਸਰ ਗੁਰਮਤਿ ਸੰਗੀਤ ਦੀ ਚੜ੍ਹਦੀ ਕਲਾ ਅਤੇ ਰਾਗੀ ਸਿੰਘਾਂ ਦੇ ਆਰਥਿਕ ਮਾਨਸਿਕ ਦਸ਼ਾ ਦੀ ਗੱਲ ਕਰਦੇ ਸਨ ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਮੁਲਾਕਾਤ ਵੇਲੇ ਇਹ ਕਿਹਾ ਸੀ ਕਿ ਰਾਗੀ ਸਿੰਘਾਂ ਨੂੰ ਗੁਰਮਤਿ ਸੰਗੀਤ ਦੀ ਰਾਗਾਤਮਕ ਰਵਾਇਤੀ ਵਿੱਦਿਆ ਬਾਰੇ ਵੱਧ ਤੋਂ ਵੱਧ ਜਾਣੂ ਹੋਣਾ ਚਾਹੀਦਾ ਹੈ। ਗੁਰਮਤਿ ਸੰਗੀਤ ਸਾਡੀ ਮਹਾਨ ਵਿਰਾਸਤ ਹੈ ਅਤੇ ਗੁਰਮਤਿ ਸੰਗੀਤ ਨੂੰ ਜਿਉਂਦੇ ਰੱਖਣ ਦੇ ਲਈ ਸਾਨੂੰ ਹਰ ਹੰਭਲਾ ਮਾਰਨਾ ਪਵੇਗਾ। ਉਨ੍ਹਾਂ ਨੇ ਇਹ ਸਵਾਲ ਖੜ੍ਹਾ ਕੀਤਾ ਸੀ ਕਿ ਇਸ ਹੰਭਲੇ ਲਈ ਸਾਨੂੰ ਆਪਣੇ ਮਹਾਨ ਕੀਰਤਨੀਆਂ ਦੀ ਜ਼ਿੰਦਗੀ ਨੂੰ ਪੜ੍ਹਨਾ ਪੈਣਾ ਹੈ । ਕਿਹੋ ਜਿਹੇ ਹੁੰਦੇ ਸਨ ਭਾਈ ਮਨਸ਼ਾ ਸਿੰਘ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਦੌਰ ਦੇ ਅੰਦਰ ਜੇ ਭਾਈ ਮਨਸ਼ਾ ਸਿੰਘ ਵਰਗੇ ਕੀਰਤਨੀਏ ਨਹੀਂ ਹਨ ਤਾਂ ਇਸ ਦੌਰ ਅੰਦਰ ਮਹਾਰਾਜਾ ਰਣਜੀਤ ਸਿੰਘ ਵਰਗੇ ਬਾਦਸ਼ਾਹ ਨਹੀਂ ਹਨ, ਜੋ ਗੁਰਮਤਿ ਸੰਗੀਤ ਨੂੰ ਹੁੰਗਾਰਾ ਦੇਣ ਦੇ ਲਈ ਰਾਗੀ ਸਿੰਘਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ।

ਭਾਈ ਨਿਰਮਲ ਸਿੰਘ ਜੀ ਖਾਲਸਾ ਪਿੰਡਾਂ ਵਿੱਚ ਹੁੰਦੇ ਜਾਤੀ ਭੇਦਭਾਵ ਤੇ ਵਿਤਕਰੇ ਖਿਲਾਫ ਬਹੁਤ ਖੁਲ ਕੇ ਬੋਲਿਆ ਕਰਦੇ ਸਨ ਉਹ ਅਕਸਰ ਕਹਿੰਦੇ ਸਨ ਜਾਤਪਾਤ ਦਾ ਕੋਹੜ ਜਿਉਦੇ ਜੀਅ ਤਾ ਕੀ ਇਨਸਾਨ ਦੇ ਮਰਨ ਤੋਂ ਬਾਅਦ ਵੀ ਖਤਮ ਨਹੀਂ ਹੁੰਦਾ। ਇਸੇ ਕਰਕੇ ਪਿੰਡ ਵਿਚ ਜਾਤੀ ਅਧਾਰਤ ਗੁਰਦੁਆਰੇ ਤੇ ਸ਼ਮਸ਼ਾਨ ਘਾਟ ਅਲੱਗ ਅਲੱਗ ਬਣੇ ਹੋਏ ਹਨ ।

ਭਾਈ ਨਿਰਮਲ ਸਿੰਘ ਜੀ ਖਾਲਸਾ ਅੱਜ ਤੱਕ ਪਹਿਲੇ ਰਾਗੀ ਸਨ ਜਿਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਸਾਲ 2009 'ਚ ਤੱਤਕਾਲੀ ਰਾਸ਼ਟਰਪਤੀ ਸ੍ਰੀ ਮਤੀ ਪ੍ਰਤਿਭਾ ਦੇਵੀ ਸਿੰਘ ਪਾਟਲ ਨੇ ਉੱਚ ਕੋਟੀ ਦਾ ਪਦਮ ਸ੍ਰੀ ਐਵਾਰਡ ਦੇ ਕੇ ਸਨਮਾਨਿਆ। ਸਨਮਾਨ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨਿਮਰਤਾ ਨਾਲ ਕਿਹਾ ਕਿ ਇਹ ਸਨਮਾਨ ਮੇਰਾ ਨਹੀਂ ਬਲਕਿ ਮੇਰੇ ਗੁਰੂ ਜਸ ਦੀ ਮਹਿਮਾ ਸਦਕਾ ਸੰਭਵ ਹੋਇਆ ਵਰਨਾ ਗਰੀਬ ਬੱਚੇ ਦੇ ਵੱਸ ਦੀ ਗੱਲ ਨਹੀਂ ਇਥੇ ਤੱਕ ਪਹੁੰਚ ਜਾਵੇ ।ਇਹ ਸਨਮਾਨ ਗੁਰੂ ਜਸ ਗਾਇਨ ਕਰਨ ਵਾਲੇ ਕੀਰਤਨੀ ਜਥਿਆਂ ਨੂੰ ਜਾਂਦਾ ਹੈ

ਭਾਈ ਨਿਰਮਲ ਸਿੰਘ ਖ਼ਾਲਸਾ ਜੀ ਨੇ ਆਪਣੀ ਜ਼ਿੰਦਗੀ ਨੂੰ ਆਮ ਸੱਥਾਂ ਵਿਚ ਬਹੁਤ ਖੁੱਲ੍ਹ ਕੇ ਬਿਆਨ ਕੀਤਾ ਹੈ। ਉਨ੍ਹਾਂ ਮੁਤਾਬਕ ਇਹ ਸਿੱਖੀ ਦਾ ਸੁਹੱਪਣ ਹੈ ਕਿ ਇੱਥੇ ਮੌਕੇ ਕਿਸੇ ਵੀ ਤਰ੍ਹਾਂ ਜਾਤ ਰੰਗ ਨਸਲ ਵੇਖ ਕੇ ਨਹੀਂ ਮਿਲਦੇ। ਉਨ੍ਹਾਂ ਕਿਹਾ ਸੀ :- "ਮੈਂ ਮਜ਼੍ਹਬੀ ਸਿੱਖਾਂ ਦਾ ਪੰਜਵੀਂ ਪਾਸ ਗਰੀਬ ਬੱਚਾ ਹਾਂ ਪਰ ਮੇਰੇ ਗੁਰੂ ਦੀ ਬਖ਼ਸ਼ ਸਦਕਾ ਮੇਰੀਆਂ ਲਿਖੀਆਂ ਦੋ ਕਿਤਾਬਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿਲੇਬਸ ਦਾ ਹਿੱਸਾ ਹਨ ਤੇ ਗੁਰੂ ਦੇ ਨਿਮਾਣੇ ਤੇ ਗਰੀਬ ਸਿੱਖ ਤੇ ਵੱਖ-ਵੱਖ ਯੂਨੀਵਰਸਿਟੀ ਕਾਲਜਾਂ ਦੇ ਵਿਦਿਆਰਥੀ ਪੀ.ਐੱਚ. ਡੀ. ਕਰ ਚੁੱਕੇ ਹਨ ਜਾਂ ਕਰ ਰਹੇ ਹਨ।" ਉਹ ਅਕਸਰ ਸੱਥਾਂ ਵਿਚ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਇੰਝ ਹੀ ਪ੍ਰੇਰਦੇ ਰਹਿੰਦੇ ਸਨ।

ਭਾਈ ਨਿਰਮਲ ਸਿੰਘ ਖਾਲਸਾ ਜੀ ਨੇ ਫਿਲਮ ਨਾਨਕ ਸ਼ਾਹ ਫਕੀਰ ਦੇ ਵਿਚ ਸ਼ਬਦ ਗਾਇਨ ਕੀਤਾ ਸੀ ਜਿਸ ਕਰਕੇ ਉਨ੍ਹਾਂ ਦੀ ਕਈ ਹਲਕਿਆਂ ਵਿਚ ਆਲੋਚਨਾ ਹੋਈ ਸੀ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਉਸ ਸਮੇਂ ਫ਼ਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੂੰ ਇਹ ਅਪੀਲ ਕੀਤੀ ਸੀ ਕਿ ਜੇ ਫਿਲਮ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੀ ਹੈ ਤਾਂ ਇਸ ਨੂੰ ਪਰਦਾ ਪੇਸ਼ ਨਹੀਂ ਕਰਨਾ ਚਾਹੀਦਾ। '

ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ 'ਤੇ ਸਮੇਂ ਸਮੇਂ ਸਿਰ ਸਵਾਲ ਖੜ੍ਹੇ ਕਰਦੇ ਸਨ। ਸਿੱਖ ਜਗਤ ਵਿਚ ਕੁਝ ਜਥੇਬੰਦੀਆਂ ਉਨ੍ਹਾਂ ਦੇ ਧੜੇ ਬਦਲਣ ਦਾ ਦੋਸ਼ ਲਾਉਂਦੀਆਂ ਰਹੀਆਂ ਸਨ । ਉਨ੍ਹਾਂ ਦੀਆਂ ਅਜਿਹੀਆਂ ਟਿੱਪਣੀਆਂ ਅਤੇ ਉਨ੍ਹਾਂ ਦੇ ਅਜਿਹੇ ਨਜ਼ਰੀਏ ਵਾਰ-ਵਾਰ ਸਿੱਖ ਜਗਤ ਵਿਚ ਆਲੋਚਨਾ ਦੇ ਘੇਰੇ ਵਿਚ ਰਹੇ ਸਨ ।

### ਸੰਨ 2020

2ਅਪ੍ਰੈਲ 2020 ਨੂੰ ਭਾਈ ਨਿਰਮਲ ਸਿੰਘ ਜੀ ਖਾਲਸਾ ਕਰੋਨਾ ਪਾਜਟਿਵ ਹੋਣ ਉਪਰੰਤ ਗੁਰੂ ਨਾਨਕ ਮਿਸ਼ਨ ਹਸਪਤਾਲ ਅੰਮ੍ਰਿਤਸਰ ਵਿਖੇ ਦਾਖਲ ਕਰਵਾਇਆ ਗਿਆ ਜਿਥੇ ਅਗਲੀ ਸਵੇਰ ਭਾਈ ਨਿਰਮਲ ਸਿੰਘ ਇਸ ਰੰਗਲੇ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ ।

ਉਸ ਵਕਤ ਕਰੋਨਾ ਬਿਮਾਰੀ ਦੇ ਦਹਿਸ਼ਤ ਕਰਕੇ ਪੂਰੇ ਭਾਰਤ ਵਿੱਚ ਕਰਫਿਊ ਲਗਾ ਦਿੱਤਾ ਸੀ । ਜਿਸ ਕਰਕੇ ਹਰ ਪਿੰਡ ਹਰ ਸ਼ਹਿਰ ਇਕ ਦੂਜੇ ਤੋਂ ਕੱਟ ਚੁਕਿਆ ਸੀ । ਘਰ ਤੋਂ ਬਾਹਰ ਪੈਰ ਰੱਖਣ ਦਾ ਮਤਲਬ ਮੌਤ ਦੇ ਬਰਾਬਰ ਸੀ । ਸਭ ਸਰਕਾਰੀ ਗੈਰ ਸਰਕਾਰੀ ਅਦਾਰੇ ਬੰਦ ਕਰ ਦਿੱਤੇ ਗਏ ਬਜ਼ਾਰ ਗਲੀ ਮਹੱਲੇ ਬਸ ਸ਼ਨਾਟਾ ਛਾਇਆ ਰਹਿੰਦਾ ਸੀ । ਦੁਨੀਆਂ ਘਰਾਂ ਵਿੱਚ ਕੈਦ ਹੋ ਕੇ ਰਹਿ ਗਈ ਸੀ । ਜਿਸ ਵਕਤ ਭਾਈ ਨਿਰਮਲ ਸਿੰਘ ਜੀ ਖਾਲਸਾ ਜੀ ਅਕਾਲ ਚਲਾਣਾ ਕਰ ਗਏ ਉਸ ਵਕਤ ਕਿਸੇ ਪਰਿਵਾਰਕ ਮੈਂਬਰਾਂ ਨੂੰ ਵੀ ਨਜਦੀਕ ਨਹੀਂ ਜਾਣ ਦਿੱਤਾ ਜਾਦਾ ਸੀ । ਸਰਕਾਰੀ ਸਟਾਫ ਦੇ ਦੋ ਤਿੰਨ ਮੈਬਰ ਐਬੂਲੈਂਸ ਰਾਹੀਂ ਮਿਰਤਕ ਸਰੀਰ ਨੂੰ ਦੁਰਗਿਆਣਾ ਮੰਦਰ ਦੇ ਸ਼ਮਸ਼ਾਨ ਘਾਟ ਲਿਜਾਇਆ ਗਿਆ ਜਿਥੇ ਮੰਦਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਸਕਾਰ ਕਰਨ ਤੋਂ ਹੀ ਮਨਾ ਕਰ ਦਿੱਤਾ ਗਿਆ ।

ਉਸ ਤੋਂ ਬਾਅਦ ਪ੍ਰਸ਼ਾਸ਼ਨ ਨੇ ਫੈਸਲਾ ਲਿਆ ਭਾਈ ਸਾਹਿਬ ਜੀ ਦੀ ਰਿਹਾਇਸ਼ ਵੇਰਕਾ ਪਿੰਡ ਵਿੱਚ ਹੈ ਇਸ ਲਈ ਵੇਰਕਾ ਦੇ ਸ਼ਮਸ਼ਾਨਘਾਟ ਵਿੱਚ ਸੰਸਕਾਰ ਕਰਨ ਦਾ ਪਰੋਗਰਾਮ ਤਹਿ ਕੀਤਾ ਗਿਆ ।

ਪਰ ਬੜੇ ਹੀ ਅਫਸੋਸ ਨਾਲ ਕਹਿਣਾ ਪੈ ਰਿਹਾ ਵੇਰਕਾ ਪਿੰਡ ਦੇ ਕਾਗਰਸੀ ਆਗੂ ਹਰਪਾਲ ਸਿੰਘ ਨੇ ਸ਼ਮਸ਼ਾਨਘਾਟ ਨੂੰ ਤਾਲਾ ਲਗਾ ਦਿੱਤਾ ਸੀ ਤੇ ਸਸਕਾਰ ਕਰਨ ਲਈ ਮਨਾ ਕਰ ਦਿੱਤਾ ਸੀ j

ਇਹ ਖਬਰ ਨਿਉਜ ਚੈਨਲਾਂ ਤੇ ਵਾਇਰਲ ਹੋਣ ਮਗਰੋਂ ਪਿੰਡ ਤੋ ਦੂਰ ਸ਼ਾਮਲਾਟ ਜਮੀਨ ਵਿੱਚ ਰਾਤ ਦੇ ਹਨੇਰੇ ਵਿੱਚ ਭਾਈ ਸਾਹਿਬ ਜੀ ਦੇ ਮਿਰਤਕ ਸਰੀਰ ਦਾ ਸੰਸਕਾਰ ਕਰ ਦਿੱਤਾ ਗਿਆ ।

ਉਸ ਵਕਤ ਕਾਗਰਸੀ ਆਗੂ ਹਰਪਾਲ ਸਿੰਘ ਸਮੇਤ ਵੇਰਕਾ ਨਗਰ ਦੀ ਬਹੁਤ ਅਲੋਚਨਾ ਹੋਈ ਸੀ ।

ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਅਤੇ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਤ ਦੁਨੀਆਂ ਦੇ ਜਾਨੇਮਾਨੇ ਗੁਰੂ ਘਰ ਦੇ ਕੀਰਤਨੀਏ ਸਿੱਖ ਦੇ ਸਰੀਰ ਦੀ ਜੋ ਬੇਅਦਬੀ ਹੋਈ ਉਸ ਨੇ ਸਾਰੀ ਇਨਸਾਨੀਅਤ ਨੂੰ ਸਰਮਿੰਦਾ ਕਰ ਦਿੱਤਾ ਸੀ ।

ਨਾ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ ਤੇ ਨਾ ਹੀ ਕੋਈ ਸਮਾਜਿਕ ਰਸਮਾਂ ਨਿਭਾਈਆਂ ਗਈਆਂ । ਕਈ ਦਿਨਾਂ ਬਾਅਦ ਉਹਨਾਂ ਦੇ ਫੁੱਲ ਚੁਗਣ ਦੀ ਰਸਮ ਨਿਭਾਈ ਗਈ ਸੀ ।

ਸ੍ਰੋਮਣੀ ਕਮੇਟੀ ਵਲੋਂ ਵੀ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ ।

ਕਿਉਂਕਿ ਭਾਈ ਨਿਰਮਲ ਸਿੰਘ ਜੀ ਖਾਲਸਾ ਇਕ ਰੰਘਰੇਟੇ ਪਰਿਵਾਰ ਨਾਲ ਸਬੰਧ ਰੱਖਦੇ ਸਨ । ਜੇਕਰ ਕੋਈ ਇਹਨਾਂ ਦੀ ਜਗ੍ਹਾ ਹੋਰ ਜਾਤੀ ਨਾਲ ਸਬੰਧਤ ਹੁੰਦਾ ਤਾ ਸ਼ਾਇਦ ਇਸ ਤਰ੍ਹਾਂ ਨਾ ਹੁੰਦਾ । ਲਗਭਗ ਦੋ ਸਾਲ ਬੀਤ ਜਾਣ ਦੇ ਬਾਵਜੂਦ ਵੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ ਦੀ ਤਸਵੀਰ ਅਜੇ ਤੱਕ ਕੇਂਦਰੀ ਸਿੱਖ ਅਜਾਇਬ ਵਿੱਚ ਨਹੀਂ ਲਗ ਸਕੀ ।

ਰੰਘਰੇਟਾ ਕੌਮ ਨੂੰ ਇਸ ਵਿਤਕਰੇ ਦਾ ਬੜਾ ਅਫਸੋਸ ਹੈ ਇਹੋ ਜਿਹੀ ਰੂਹਾਨੀ ਰੂਹ ਨਾਲ ਇਸ ਤਰੀਕੇ ਧਾਰਮਿਕ ਤੌਰ ਤੇ ਜਾਤੀ ਵਿਤਕਰਾ ਕੀਤਾ ਗਿਆ ਹੈ ।

### ਦੋ ਸਬਦ ਸ:ਕਸ਼ਮੀਰ ਸਿੰਘ ਭੁਲੱਥ ਵਲੋਂ

ਪਦਮਸ੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ ਦੀ ਹੈਸੀਅਤ ਮੁਤਾਬਕ ਮੇਰੀ ਤਾ ਕੋਈ ਔਕਾਤ ਨਹੀਂ ਤੇ ਨਾ ਮੇਰੇ ਕੋਲ ਕੋਈ ਸ਼ਬਦ ਹਨ ਜਿਨ੍ਹਾਂ ਨਾਲ ਭਾਈ ਨਿਰਮਲ ਸਿੰਘ ਜੀ ਖਾਲਸਾ ਜੀ ਦੀ ਹੈਸੀਅਤ ਨੂੰ ਬਿਆਨ ਕੀਤਾ ਜਾ ਸਕੇ । ਭਾਈ ਨਿਰਮਲ ਸਿੰਘ ਜੀ ਖਾਲਸਾ ਆਪਣੇ ਆਪ ਵਿੱਚ ਸੰਗੀਤ ਦੀ ਦੁਨੀਆਂ ਦੇ ਮਹਾ ਸਮਰਾਟ ਸਨ। ਜਿਹਨਾਂ ਨੇ ਗੁਰਮਤਿ ਸੰਗੀਤ ਰਾਹੀਂ ਪੂਰੇ ਸੰਸਾਰ ਭਰ ਵਿੱਚ ਆਪਣੀ ਕਲਾ ਦਾ ਲੋਹਾ ਮਨਵਾਇਆ ਸੀ । ਜਿੰਦਗੀ ਦਾ ਲੰਮਾ ਸਮਾਂ ਗੁਰੂ ਚਰਨਾਂ ਵਿੱਚ ਗੁਜ਼ਾਰਿਆ । ਇਕ ਦਿਹਾਤੀ ਪਿੰਡ ਦੇ ਗਰੀਬ ਪਰਿਵਾਰ ਦੇ ਬੱਚੇ ਨੇ ਪਦਮ ਸ੍ਰੀ ਐਵਾਰਡ ਤੱਕ ਦਾ ਸਫਰ ਕੀਤਾ । ਇਹੋ ਜਿਹੇ ਗੁਰੂ ਘਰ ਦੇ ਮਹਾਨ ਕੀਰਤਨੀਏ ਜਿਹਨਾਂ ਦੀ ਮਿੱਠੀ ਅਵਾਜ਼ ਕਦੇ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ਸੁਣਦੇ ਹੋਏ ਸਰਧਾਲੂ ਪਰਮਾਤਮਾ ਵਿੱਚ ਲੀਨ ਹੁੰਦੈ ਸਨ ।ਉਹਨਾਂ ਦੇ ਅੰਤਿਮ ਸਮੇਂ ਧਾਰਮਿਕ ਅਤੇ ਸਮਾਜਿਕ ਤੌਰ ਤੇ ਹੋਵੇ ਵਿਤਕਰੇ ਨੇ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ ਇਹੋ ਜਿਹੀ ਮਹਾਨ ਸਖਸ਼ੀਅਤ ਨਾਲ ਭੇਦਭਾਵ ਤੇ ਵਿਤਕਰੇ ਹੋ ਸਕਦੇ ਹਨ ਤਾਂ ਇਕ ਆਮ ਗਰੀਬ ਪਰਿਵਾਰਾਂ ਨੂੰ ਕੌਣ ਸਤਿਕਾਰ ਦੇਵੇਗਾ ।

ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹਾਂ ਵਾਹਿਗੁਰੂ ਇਸ ਮਹਾਨ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ

# ਬੰਗਲਾਦੇਸ਼ ਨੂੰ ਆਪਣੀ ਸ਼ੇਖੀ ਦੀ ਕੀਮਤ ਚੁਕਾਉਣੀ ਪਵੇਗੀ? - ਭਾਰਤ ਦੀ ਆਰਥਿਕ ਸਰਜੀਕਲ ਸਟ੍ਰਾਈਕ ਦਾ ਫੌਜੀ ਕਾਰਵਾਈ ਨਾਲੋਂ ਜ਼ਿਆਦਾ ਘਾਤਕ ਪ੍ਰਭਾਵ ਹੈ।

## ਭਾਰਤ ਨੇ ਬੰਗਲਾਦੇਸ਼ ਲਈ ਟ੍ਰਾਂਸਸ਼ਿਪਮੈਂਟ ਸਹੂਲਤ ਬੰਦ ਕਰ ਦਿੱਤੀ - ਬੰਗਲਾਦੇਸ਼ੀ ਨਿਰਯਾਤਕ ਮੁਸ਼ਕਲ ਵਿੱਚ - ਨੇਪਾਲ - ਭੂਟਾਨ ਪਾਬੰਦੀ ਤੋਂ ਬਾਹਰ, ਭਾਰਤ ਦੇ ਟ੍ਰਾਂਸਸ਼ਿਪਮੈਂਟ ਆਰਡਰ ਨਾਲ ਬੰਗਲਾਦੇਸ਼ ਦੀ ਨਿਰਯਾਤ ਲਾਗਤ ਤਿੰਨ ਗੁਣਾ ਵੱਧ ਸਕਦੀ ਹੈ - ਮੁਕਾਬਲੇਬਾਜ਼ੀ 'ਤੇ ਵਿਨਾਸ਼ਕਾਰੀ ਪ੍ਰਭਾਵ ਪਵੇਗਾ - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਗੋਂਡੀਆ - ਆਧੁਨਿਕ ਯੁੱਗ ਵਿੱਚ ਵਿਸ਼ਵ ਪੱਧਰ 'ਤੇ ਅੰਤਰ- ਵਿਅਕਤੀਗਤ ਸਬੰਧ। ਰਿਸ਼ਤਿਆਂ ਦੀ ਡੂੰਘਾਈ ਨਾ ਸਿਰਫ਼ ਨਿੱਜੀ ਜੀਵਨ 'ਤੇ, ਸਗੋਂ ਜਨਤਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਬਹੁਤ ਵੱਡਾ ਪ੍ਰਭਾਵ ਪਾਉਂਦੀ ਹੈ। ਇਸੇ ਤਰ੍ਹਾਂ, ਸਾਡੀ ਬੋਲੀ ਦੀ ਸ਼ਾਲੀਨਤਾ ਨਿੱਜੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਬਹੁਤ ਫ਼ਰਕ ਪਾਉਂਦੀ ਹੈ, ਜੋ ਅਸੀਂ ਆਪਣੀ ਨਿੱਜੀ ਜ਼ਿੰਦਗੀ ਵਿੱਚ ਦੇਖਦੇ ਹਾਂ, ਪਰ ਅਸੀਂ ਇਸਦਾ ਪ੍ਰਭਾਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਦੇਖਦੇ ਹਾਂ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਸਾਨੂੰ ਇਨ੍ਹਾਂ ਦੋਵਾਂ ਗੱਲਾਂ ਦੀ ਸਹੀ ਉਦਾਹਰਣ 8 ਅਪ੍ਰੈਲ 2025 ਨੂੰ ਦੇਖਣ ਨੂੰ ਮਿਲੀ, ਜਦੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ 8 ਅਪ੍ਰੈਲ 2025 ਤੋਂ ਬੰਗਲਾਦੇਸ਼ 'ਤੇ ਟ੍ਰਾਂਸਸ਼ਿਪਮੈਂਟ ਦੀ ਸਹੂਲਤ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ, ਪਰ ਦੋ ਦੇਸ਼ਾਂ ਨੇਪਾਲ ਅਤੇ ਭੂਟਾਨ ਨੂੰ ਇਸ ਤੋਂ ਛੋਟ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਟ੍ਰਾਂਸਸ਼ਿਪਮੈਂਟ ਸਹੂਲਤ 2020 ਤੋਂ ਦਿੱਤੀ ਗਈ ਸੀ, ਪਰ ਤੁਹਾਨੂੰ ਦੱਸ ਦੇਈਏ ਕਿ 26-29 ਮਾਰਚ ਨੂੰ ਚੀਨ ਦੇ ਆਪਣੇ ਚਾਰ ਦਿਨਾਂ ਦੌਰੇ ਦੌਰਾਨ, ਬੰਗਲਾਦੇਸ਼ ਦੇ ਕਾਰਜਕਾਰੀ ਮੁਖੀ ਨੇ ਟਿੱਪਣੀ ਕੀਤੀ ਸੀ, ਉਨ੍ਹਾਂ ਦੇ ਬਿਆਨ ਨੂੰ ਵਿਵਾਦਪੂਰਨ ਮੰਨਿਆ ਗਿਆ ਸੀ। ਹਾਲਾਂਕਿ, ਭਾਰਤੀ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਹੈ ਕਿ ਕੀ ਉਸਦਾ ਬਿਆਨ ਟ੍ਰਾਂਸਸ਼ਿਪਮੈਂਟ ਸਹੂਲਤ ਨੂੰ ਹਟਾਉਣ ਦਾ ਕਾਰਨ ਹੈ ਜਾਂ ਨਹੀਂ। ਇੱਕ ਪ੍ਰਿੰਟ ਮੀਡੀਆ ਰਿਪੋਰਟ ਦੇ ਅਨੁਸਾਰ, ਬੁਲਾਰੇ ਦਾ ਬਿਆਨ ਇਸ ਪ੍ਰਕਾਰ ਹੈ, ਬੰਗਲਾਦੇਸ਼ ਨੂੰ ਦਿੱਤੀ ਗਈ ਟ੍ਰਾਂਸਸ਼ਿਪਮੈਂਟ ਸਹੂਲਤ ਕਾਰਨ, ਸਾਡੇ ਹਵਾਈ ਅੱਡਿਆਂ ਅਤੇ ਬੰਦਰਗਾਹਾਂ 'ਤੇ ਬਹੁਤ ਜ਼ਿਆਦਾ ਭੀੜ ਸੀ, ਜਿਸ ਕਾਰਨ ਸਾਡੇ ਕੰਮ ਵਿੱਚ ਦੇਰੀ ਹੋ ਰਹੀ ਸੀ ਅਤੇ ਲਾਗਤ ਵੀ ਵੱਧ ਰਹੀ ਸੀ, ਜਿਸ ਕਾਰਨ ਭਾਰਤ ਦੇ ਆਪਣੇ ਨਿਰਯਾਤ ਪ੍ਰਭਾਵਿਤ ਹੋ ਰਹੇ ਸਨ, ਇਸ ਲਈ ਇਹ ਸਹੂਲਤ 8 ਅਪ੍ਰੈਲ, 2025 ਤੋਂ ਬੰਦ ਕਰ ਦਿੱਤੀ ਗਈ ਹੈ, ਪਰ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਫੈਸਲਾ ਨੇਪਾਲ ਅਤੇ ਭੂਟਾਨ ਭੇਜੇ ਜਾਣ ਵਾਲੇ ਬੰਗਲਾਦੇਸ਼ੀ ਸਮਾਨ 'ਤੇ ਲਾਗੂ ਨਹੀਂ ਹੁੰਦਾ, ਉਹ ਪਹਿਲਾਂ ਵਾਂਗ ਭਾਰਤ ਰਾਹੀਂ ਜਾਸਕਣਗੇ। ਤੁਹਾਨੂੰ ਦੱਸ ਦੇਈਏ ਕਿ ਭਾਰਤੀ ਨਿਰਯਾਤਕ, ਖਾਸ ਕਰਕੇ ਟੈਕਸਟਾਈਲ ਉਦਯੋਗ ਨਾਲ ਜੁੜੇ ਲੋਕਾਂ ਨੇ ਪਹਿਲਾਂ ਵੀ ਸਰਕਾਰ ਨੂੰ ਗੁਆਂਢੀ ਦੇਸ਼ ਨੂੰ ਦਿੱਤੀ ਗਈ ਇਸ ਸਹੂਲਤ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਸੀ। ਜੂਨ 2020 ਵਿੱਚ, ਭਾਰਤ ਨੇ ਬੰਗਲਾਦੇਸ਼ ਤੋਂ ਭਾਰਤੀ ਜ਼ਮੀਨੀ ਕਸਟਮ ਸਟੇਸ਼ਨਾਂ ਰਾਹੀਂ ਸਾਮਾਨ ਦੀ ਢੋਆ-ਢੁਆਈ ਦੀ ਇਜਾਜ਼ਤ ਦਿੱਤੀ ਸੀ, ਹੁਣ ਫਰਕ ਇਹ ਹੋਵੇਗਾ ਕਿ ਭਾਰਤ ਵਿੱਚ ਟ੍ਰਾਂਸਫਰ ਸ਼ਿਪਮੈਂਟ ਬੈਂਕ ਦਾ ਹੁਕਮ ਬੰਗਲਾਦੇਸ਼ ਦੀ ਨਿਰਯਾਤ ਲਾਗਤ ਨੂੰ ਤਿੰਨ ਗੁਣਾ ਵਧਾ ਸਕਦਾ ਹੈ ਅਤੇ ਇਸਦਾ ਮੁਕਾਬਲਾ ਕਰਨ ਦੀ ਸਮਰੱਥਾ 'ਤੇ ਘਾਤਕ ਪ੍ਰਭਾਵ ਪਵੇਗਾ, ਇਸ ਲਈ ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ, ਬੰਗਲਾਦੇਸ਼ ਨੂੰ ਆਪਣੀ ਸ਼ੇਖੀ ਦੀ ਭਾਰੀ ਕੀਮਤ ਚੁਕਾਉਣੀ ਪਈ, ਭਾਰਤ ਦੀ ਆਰਥਿਕ ਸਰਜੀਕਲ ਸਟ੍ਰਾਈਕ ਦਾ ਪ੍ਰਭਾਵ ਫੌਜੀ ਕਾਰਵਾਈ ਨਾਲੋਂ ਜ਼ਿਆਦਾ ਘਾਤਕ ਹੋਵੇਗਾ।

ਦੋਸਤੋ, ਜੇਕਰ ਅਸੀਂ ਭਾਰਤ ਵੱਲੋਂ ਬੰਗਲਾਦੇਸ਼ ਲਈ ਟ੍ਰਾਂਸਸ਼ਿਪਮੈਂਟ ਸਹੂਲਤ ਨੂੰ ਰੋਕਣ ਦੀ ਗੱਲ ਕਰੀਏ, ਤਾਂ ਇਸ ਸਹੂਲਤ ਰਾਹੀਂ ਉਹ ਭਾਰਤੀ ਜ਼ਮੀਨ ਦੀ ਵਰਤੋਂ ਕਰਕੇ ਕਈ ਦੇਸ਼ਾਂ ਨੂੰ ਸਾਮਾਨ ਨਿਰਯਾਤ ਕਰਦਾ ਸੀ, ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਟ੍ਰਾਂਸਸ਼ਿਪਮੈਂਟ ਕਾਰਨ ਭਾਰਤੀ ਹਵਾਈ ਅੱਡਿਆਂ ਅਤੇ ਬੰਦਰਗਾਹਾਂ 'ਤੇ ਬਹੁਤ ਜ਼ਿਆਦਾ ਭੀੜ ਸੀ, ਜਿਸ ਕਾਰਨ ਸਾਡੇ ਆਪਣੇ ਨਿਰਯਾਤ ਵਿੱਚ ਦੇਰੀ ਹੋ ਰਹੀ ਸੀ ਅਤੇ ਬੈਕਲਾਗ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਲੰਬੇ ਸਮੇਂ ਤੋਂ, ਐਪੇਰਲ ਐਕਸਪੋਰਟ ਪ੍ਰਮੋਸ਼ਨ ਕੌਂਸਲ ਬੰਗਲਾਦੇਸ਼ ਦੀ ਟ੍ਰਾਂਸਸ਼ਿਪਮੈਂਟ ਸਹੂਲਤ ਨੂੰ ਬੰਦ ਕਰਨ ਦੀ ਮੰਗ ਕਰ ਰਹੀ ਸੀ, ਜਿਸ ਨੂੰ ਹੁਣ ਸਵੀਕਾਰ ਕਰ ਲਿਆ ਗਿਆ ਹੈ। ਹਾਲਾਂਕਿ, ਬੰਗਲਾਦੇਸ਼ੀ ਨਿਰਯਾਤ ਕਾਰਗੋ ਜੋ ਪਿਛਲੀ ਵਿਵਸਥਾ ਦੇ ਤਹਿਤ ਭਾਰਤ ਵਿੱਚ ਦਾਖਲ ਹੋਇਆ ਹੈ, ਨੂੰ ਸ਼ਿਪਮੈਂਟ ਦੀ ਆਗਿਆ ਹੈ। ਸਾਲ 2020 ਵਿੱਚ, ਭਾਰਤ ਸਰਕਾਰ ਨੇ ਬੰਗਲਾਦੇਸ਼ ਨੂੰ ਟ੍ਰਾਂਸਸ਼ਿਪਮੈਂਟ ਸਹੂਲਤ ਪ੍ਰਦਾਨ ਕੀਤੀ ਸੀ, ਜਿਸ ਦੇ ਤਹਿਤ ਇਸਦੇ ਨਿਰਯਾਤ ਸਾਮਾਨ ਨੂੰ ਭਾਰਤੀ ਜ਼ਮੀਨ ਰਾਹੀਂ ਨੇਪਾਲ, ਭੂਟਾਨ, ਮਿਆਂਮਾਰ ਅਤੇ ਹੋਰ ਦੇਸ਼ਾਂ ਵਿੱਚ ਭੇਜਿਆ ਜਾਂਦਾ ਸੀ। ਕੇਂਦਰੀ ਅਸਿੱਧੇ




ਟੈਕਸ ਅਤੇ ਕਸਟਮ ਬੋਰਡ (ਸੀਬੀਆਈਐਸ) ਨੇ 8 ਅਪ੍ਰੈਲ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਇਸ ਸਹੂਲਤ ਨੂੰ ਤੁਰੰਤ ਪ੍ਰਭਾਵ ਨਾਲ ਖਤਮ ਕਰ ਦਿੱਤਾ ਸੀ, ਜਿਸ ਤੋਂ ਬਾਅਦ ਇਹ ਚਰਚਾ ਹੋਈ ਕਿ ਹੁਣ ਬੰਗਲਾਦੇਸ਼ ਇਨ੍ਹਾਂ ਦੇਸ਼ਾਂ ਨੂੰ ਸਾਮਾਨ ਨਿਰਯਾਤ ਨਹੀਂ ਕਰ ਸਕੇਗਾ। ਹਾਲਾਂਕਿ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਪੱਸ਼ਟ ਕੀਤਾ ਹੈ ਕਿ ਢਾਕਾ ਭਾਰਤ ਰਾਹੀਂ ਨੇਪਾਲ ਅਤੇ ਭੂਟਾਨ ਨੂੰ ਨਿਰਯਾਤ ਕਰ ਸਕਦਾ ਹੈ। ਭਾਰਤ ਸਰਕਾਰ ਦੇ ਇਸ ਫੈਸਲੇ ਨੂੰ ਮੁਹੰਮਦ ਯੂਨਸ ਦੇ ਉਸ ਬਿਆਨ ਨਾਲ ਜੋੜਿਆ ਜਾ ਰਿਹਾ ਹੈ, ਜਿਸ ਵਿੱਚ ਉਨ੍ਹਾਂ ਨੇ ਉੱਤਰ-ਪੂਰਬੀ ਰਾਜਾਂ ਦਾ ਹਵਾਲਾ ਦਿੰਦੇ ਹੋਏ ਚੀਨ ਨੂੰ ਆਰਥਿਕ ਵਿਸਥਾਰ ਦੀ ਅਪੀਲ ਕੀਤੀ ਸੀ। ਪਿਛਲੇ ਮਹੀਨੇ, ਬੰਗਲਾਦੇਸ਼ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਚੀਨ ਦੇ ਦੌਰੇ 'ਤੇ ਸਨ, ਜਿੱਥੇ 28 ਮਾਰਚ ਨੂੰ ਉਨ੍ਹਾਂ ਨੇ ਚੀਨ ਨੂੰ ਸਮੁੰਦਰ ਰਾਹੀਂ ਵਪਾਰ ਵਧਾਉਣ ਅਤੇ ਉਤਪਾਦਨ ਲਈ ਬੰਗਲਾਦੇਸ਼ ਆਉਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੇ ਦੇਸ਼ ਨੂੰ ਆਰਥਿਕ ਲਾਭ ਮਿਲ ਸਕੇ। ਉਨ੍ਹਾਂ ਕਿਹਾ ਸੀ ਕਿ ਭਾਰਤ ਦੇ ਸੱਤ ਉੱਤਰ-ਪੂਰਬੀ ਰਾਜ ਭੂਮੀਗਤ ਹਨ, ਯਾਨੀ ਕਿ ਉਹ ਜ਼ਮੀਨ ਨਾਲ ਘਿਰੇ ਹੋਏ ਹਨ, ਇਸ ਲਈ ਉਨ੍ਹਾਂ ਦੀ ਸਮੁੰਦਰ ਤੱਕ ਪਹੁੰਚ ਨਹੀਂ ਹੈ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਇਸ ਪੂਰੇ ਖੇਤਰ ਵਿੱਚ ਇਕਲੌਤਾ ਸਮੁੰਦਰੀ ਸਰਪ੍ਰਸਤ ਹੈ, ਇਸ ਲਈ ਇਹ ਚੀਨੀ ਅਰਥਵਿਵਸਥਾ ਲਈ ਇੱਕ ਵਿਸਥਾਰ ਹੋ ਸਕਦਾ ਹੈ। ਉਨ੍ਹਾਂ ਨੇ ਚੀਨ ਨੂੰ ਬੰਗਲਾਦੇਸ਼ ਵਿੱਚ ਉਤਪਾਦਨ ਕਰਨ ਅਤੇ ਚੀਜ਼ਾਂ ਨੂੰ ਬਾਜ਼ਾਰ ਵਿੱਚ ਲਿਜਾਣ, ਫੈਕਟਰੀਆਂ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਚੀਨ ਨੂੰ ਲਾਲਮੋਨਿਰਹਾਟ ਵਿੱਚ ਏਅਰਬੇਸ ਨੂੰ ਮੁੜ ਸੁਰਜੀਤ ਕਰਨ ਲਈ ਵੀ ਸੱਦਾ ਦਿੱਤਾ। ਲਾਲਮੋਨਿਰਹਾਟ ਜ਼ਿਲ੍ਹਾ ਸਿਲੀਗੁੜੀ ਕੋਰੀਡੋਰ ਜਾਂ ਬੰਗਾਲ ਦੇ ਚਿਕਨ ਨੇਕ ਤੋਂ ਬਹੁਤ ਦੂਰ ਨਹੀਂ ਹੈ। ਚਿਕਨ ਨੇੱਕ ਨੇਪਾਲ, ਬੰਗਲਾਦੇਸ਼, ਭੂਟਾਨ ਅਤੇ ਚੀਨ ਦੀਆਂ ਸਰਹੱਦਾਂ ਨਾਲ ਲੱਗਦਾ ਹੈ।

ਦੋਸਤੋ, ਜੇਕਰ ਅਸੀਂ ਟਰਾਂਸਸ਼ਿਪਮੈਂਟ ਬੰਦ ਹੋਣ ਕਾਰਨ ਬੰਗਲਾ ਦੇਸ਼ ਨੂੰ ਨਿਰਯਾਤ-ਆਯਾਤ 'ਤੇ ਪਏ ਭਾਰੀ ਪ੍ਰਭਾਵ ਬਾਰੇ ਗੱਲ ਕਰੀਏ, ਤਾਂ ਮਾਲ ਟ੍ਰਾਂਸਫਰ ਸਹੂਲਤ ਦੇ ਬੰਦ ਹੋਣ ਨਾਲ ਬੰਗਲਾਦੇਸ਼ ਦੇ ਨਿਰਯਾਤ ਅਤੇ ਆਯਾਤ 'ਤੇ ਅਸਰ ਪਵੇਗਾ। ਖਾਸ ਕਰਕੇ ਭੂਟਾਨ, ਨੇਪਾਲ ਅਤੇ ਮਿਆਂਮਾਰ ਨਾਲ ਵਪਾਰ ਵਿੱਚ ਸਮੱਸਿਆਵਾਂ ਆਉਣਗੀਆਂ। ਇਹ ਦੇਸ਼ ਤੀਜੇ ਦੇਸ਼ਾਂ ਨਾਲ ਵਪਾਰ ਲਈ ਭਾਰਤੀ ਰੂਟਾਂ 'ਤੇ ਨਿਰਭਰ ਕਰਦੇ ਹਨ। ਪਹਿਲਾਂ ਭਾਰਤ ਵਿੱਚੋਂ ਲੰਘਣ ਵਾਲਾ ਰਸਤਾ ਸੌਖਾ ਸੀ। ਇਸ ਨਾਲ ਸਮਾਂ ਅਤੇ ਪੈਸਾ ਦੋਵਾਂ ਦੀ ਬਚਤ ਹੋਈ। ਹੁਣ ਇਸ ਵਿੱਚ ਹੋਰ ਸਮਾਂ ਲੱਗੇਗਾ, ਹੋਰ ਖਰਚੇ ਹੋਣਗੇ ਅਤੇ ਬੰਗਲਾਦੇਸ਼ੀ ਵਪਾਰੀਆਂ ਲਈ ਅਨਿਸ਼ਚਿਤਤਾ ਵਧੇਗੀ। ਨੇਪਾਲ ਅਤੇ ਭੂਟਾਨ ਦੋਵੇਂ ਹੀ ਭੂਮੀਗਤ ਦੇਸ਼ ਹਨ। ਉਹ ਬੰਗਲਾਦੇਸ਼ ਨਾਲ ਵਪਾਰ ਲਈ ਭਾਰਤ ਰਾਹੀਂ ਹੁੰਦੇ ਰਸਤੇ ਦੀ ਵਰਤੋਂ ਕਰਦੇ ਹਨ। ਵਪਾਰ ਮਾਹਿਰਾਂ ਦੇ ਅਨੁਸਾਰ, ਇਸ ਫੈਸਲੇ ਨਾਲ ਕਈ ਭਾਰਤੀ ਨਿਰਯਾਤ ਖੇਤਰਾਂ ਜਿਵੇਂ ਕਿ ਕੱਪੜੇ, ਜੁੱਤੇ, ਰਤਨ ਅਤੇ ਗਹਿਣੇ ਨੂੰ ਲਾਭ ਹੋਵੇਗਾ। ਬੰਗਲਾਦੇਸ਼ ਕੱਪੜਾ ਖੇਤਰ ਵਿੱਚ ਭਾਰਤ ਦਾ ਇੱਕ ਵੱਡਾ ਪ੍ਰਤੀਯੋਗੀ ਹੈ। ਭਾਰਤੀ ਕੱਪੜਿਆਂ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਵਾਲੀ ਇੱਕ ਸੰਸਥਾ ਨੇ ਕਿਹਾ ਕਿ ਹਰ ਰੋਜ਼ 20-30 ਬੰਗਲਾਦੇਸ਼ੀ ਟਰੱਕ ਰਾਜਧਾਨੀ ਵਿੱਚ ਆਉਂਦੇ ਹਨ, ਜਿਸ ਕਾਰਨ ਕਾਰਗੋ ਟਰਮੀ ਨਲਾਂ 'ਤੇ ਭੀੜ ਹੁੰਦੀ ਹੈ ਅਤੇ ਮਾਲ ਭਾੜੇ ਦੀ ਲਾਗਤ ਵਧ ਜਾਂਦੀ ਹੈ। ਯੂਨੀਅਨ ਦਾ ਇੱਕ ਹੋਰ ਬਿਆਨ ਆਇਆ ਕਿ ਹੁਣ ਸਾਡੇ ਕੋਲ ਆਪਣੇ ਮਾਲ ਲਈ ਵਧੇਰੇ ਹਵਾਈ ਸਮਰੱਥਾ ਹੋਵੇਗੀ।

ਦੋਸਤੋ, ਜੇਕਰ ਅਸੀਂ ਬੰਗਲਾਦੇਸ਼ ਦੇ ਸ਼ੇਖੀ ਭਰੇ ਬਿਆਨ ਦੀ ਗੱਲ ਕਰੀਏ, ਤਾਂ ਦਰਅਸਲ, ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਨੇ ਪਿਛਲੇ ਮਹੀਨੇ ਚੀਨ ਦਾ ਦੌਰਾ ਕੀਤਾ ਸੀ। ਉੱਥੇ ਉਸਨੇ ਭਾਰਤ ਦੇ ਉੱਤਰ-ਪੂਰਬੀ ਰਾਜਾਂ 'ਤੇ ਟਿੱਪਣੀ ਕੀਤੀ। ਉਨ੍ਹਾਂ ਕਿਹਾ ਸੀ ਕਿ ਭਾਰਤ ਦੇ ਉੱਤਰ-ਪੂਰਬੀ ਰਾਜ ਜ਼ਮੀਨ ਨਾਲ ਘਿਰੇ ਹੋਏ ਹਨ ਅਤੇ ਸਮੁੰਦਰ ਤੱਕ ਉਨ੍ਹਾਂ ਦੀ ਇੱਕੋ ਇੱਕ ਪਹੁੰਚ ਬੰਗਲਾਦੇਸ਼ ਰਾਹੀਂ ਹੈ। ਉਨ੍ਹਾਂ ਨੇ ਚੀਨ ਨੂੰ ਬੰਗਲਾਦੇਸ਼ ਦੀ ਸਥਿਤੀ ਦਾ ਫਾਇਦਾ ਉਠਾਉਣ ਦਾ ਸੱਦਾ ਦਿੱਤਾ। ਭਾਰਤ ਉਨ੍ਹਾਂ ਦੀਆਂ ਟਿੱਪਣੀਆਂ ਤੋਂ ਨਾਖੁਸ਼ ਸੀ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਕ ਤਣਾਅ ਵੀ ਦੇਖਣ ਨੂੰ ਮਿਲਿਆ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਦੇ ਇੱਕ ਬਿਆਨ 'ਤੇ ਚਰਚਾ ਹੋ ਰਹੀ ਹੈ। ਕੁਝ ਦਿਨ ਪਹਿਲਾਂ, ਉਨ੍ਹਾਂ ਨੇ ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਕਿਹਾ ਸੀ ਕਿ ਚੀਨ ਅਤੇ ਭਾਰਤ ਦੇ ਉੱਤਰ-ਪੂਰਬੀ ਰਾਜਾਂ ਵਿਚਕਾਰ ਵਪਾਰ ਵਧਾਇਆ ਜਾਣਾ ਚਾਹੀਦਾ ਹੈ, ਅਤੇ ਇਸ ਵਿੱਚ ਬੰਗਲਾਦੇਸ਼ ਦੀਆਂ ਬੰਦਰਗਾਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਸੀ, ਪੂਰਬੀ ਭਾਰਤ ਦੇ ਸੱਤ ਰਾਜ, ਜਿਨ੍ਹਾਂ ਨੂੰ ਸੱਤ ਭੈਣਾਂ ਵਜੋਂ ਜਾਣਿਆ ਜਾਂਦਾ ਹੈ, ਉਹ ਖੇਤਰ ਹਨ ਜਿਨ੍ਹਾਂ ਦੀ ਸਮੁੰਦਰ ਤੱਕ ਸਿੱਧੀ ਪਹੁੰਚ ਨਹੀਂ ਹੈ, ਅਸੀਂ ਇਸ ਪੂਰੇ ਖੇਤਰ ਲਈ ਸਮੁੰਦਰ ਦੇ ਇਕੱਲੇ ਰਖਵਾਲੇ ਹਾਂ। ਇਹ ਇੱਕ ਬਹੁਤ ਵੱਡਾ ਮੌਕਾ ਖੋਲ੍ਹਦਾ ਹੈ, ਇਹ ਚੀਨੀ ਅਰਥਵਿਵਸਥਾ ਦਾ ਇੱਕ ਵਿਸਥਾਰ ਬਣ ਸਕਦਾ



ਹੈ, ਚੀਜ਼ਾਂ ਬਣਾ ਸਕਦਾ ਹੈ, ਚੀਜ਼ਾਂ ਪੈਦਾ ਕਰ ਸਕਦਾ ਹੈ, ਉਨ੍ਹਾਂ ਦਾ ਬਾਜ਼ਾਰ ਬਣਾ ਸਕਦਾ ਹੈ, ਚੀਨ ਵਿੱਚ ਸਾਮਾਨ ਲਿਆ ਸਕਦਾ ਹੈ ਅਤੇ ਉਨ੍ਹਾਂ ਨੂੰ ਬਾਕੀ ਦੁਨੀਆ ਵਿੱਚ ਨਿਰਯਾਤ ਕਰ ਸਕਦਾ ਹੈ। ਭਾਰਤ ਨੇ ਉਨ੍ਹਾਂ ਲੋਕਾਂ ਨੂੰ ਸਾਵਧਾਨੀਪੂਰਵਕ ਪਰ ਦ੍ਰਿੜ ਜਵਾਬ ਦਿੱਤਾ ਹੈ ਜੋ ਚੀਨ ਨਾਲ ਮਿਲ ਕੇ ਭਾਰਤ ਵਿਰੁੱਧ ਸਾਜ਼ਿਸ਼ ਰਚ ਰਹੇ ਹਨ ਅਤੇ ਬੰਗਲਾਦੇਸ਼ ਨੂੰ ਸਮੁੰਦਰ ਦਾ ਇਕਲੌਤਾ ਰਖਵਾਲਾ ਕਹਿ ਰਹੇ ਹਨ। ਭਾਰਤ ਨੇ ਬੰਗਲਾਦੇਸ਼ ਤੋਂ ਟ੍ਰਾਂਸ-ਸ਼ਿਪਮੈਂਟ ਦੀ ਮਹੱਤਵਪੂਰਨ ਸਹੂਲਤ ਖੋਹ ਲਈ ਹੈ, ਜੋ ਕਿ ਭਾਰਤ ਦੇ ਸਰੋਤਾਂ ਦੀ ਮਦਦ ਨਾਲ ਵਿਦੇਸ਼ੀ ਵਪਾਰ ਕਰਦਾ ਹੈ।

ਦੋਸਤੋ, ਜੇਕਰ ਅਸੀਂ ਟ੍ਰਾਂਸਸ਼ਿਪਮੈਂਟ ਸਹੂਲਤ ਬਾਰੇ ਗੱਲ ਕਰੀਏ, ਤਾਂ ਭਾਰਤ ਨੇ ਬੰਗਲਾਦੇਸ਼ ਨੂੰ ਦਿੱਤੀ ਗਈ ਇੱਕ ਵਿਸ਼ੇਸ਼ ਸਹੂਲਤ, ਜਿਸਨੂੰ ਟ੍ਰਾਂਸਸ਼ਿਪਮੈਂਟ ਸਹੂਲਤ ਕਿਹਾ ਜਾਂਦਾ ਹੈ, ਨੂੰ ਖਤਮ ਕਰ ਦਿੱਤਾ ਹੈ। ਇਸ ਸਹੂਲਤ ਦੇ ਤਹਿਤ, ਬੰਗਲਾਦੇਸ਼ ਆਪਣਾ ਨਿਰਯਾਤ ਸਾਮਾਨ ਭਾਰਤੀ ਜ਼ਮੀਨ ਰਾਹੀਂ ਕਿਸੇ ਵੀ ਤੀਜੇ ਦੇਸ਼ ਨੂੰ ਭੇਜ ਸਕਦਾ ਸੀ, ਇਸਦੇ ਲਈ ਉਹ ਭਾਰਤ ਦੇ ਹਵਾਈ ਅੱਡਿਆਂ ਜਾਂ ਬੰਦਰਗਾਹਾਂ ਦੀ ਵਰਤੋਂ ਕਰ ਸਕਦਾ ਸੀ। ਹੁਣ ਬੰਗਲਾਦੇਸ਼ ਕੋਲ ਇਹ ਵਿਕਲਪ ਨਹੀਂ ਹੋਵੇਗਾ, ਇਹ ਸਹੂਲਤ ਬੰਗਲਾਦੇਸ਼ ਨੂੰ ਵਿਸ਼ਵ ਬਾਜ਼ਾਰ ਵਿੱਚ ਆਸਾਨ ਪ੍ਰਵੇਸ਼ ਪ੍ਰਦਾਨ ਕਰਨ ਲਈ ਵਰਤੀ ਜਾਂਦੀ ਸੀ। ਬੰਗਲਾਦੇਸ਼ ਆਪਣੇ ਸਾਮਾਨ ਨੂੰ ਭਾਰਤ ਦੇ ਜ਼ਮੀਨੀ ਕਸਟਮ ਸਟੇਸ਼ਨਾਂ ਤੋਂ ਟਰੱਕਾਂ ਜਾਂ ਕੰਟੇਨਰਾਂ ਵਿੱਚ ਭਾਰਤੀ ਬੰਦਰਗਾਹਾਂ ਤੱਕ ਪਹੁੰਚਾਉਂਦਾ ਸੀ, ਜਿੱਥੋਂ ਇਸਨੂੰ ਅੱਗੇ ਸ਼ਿਪਿੰਗ ਜਾਂ ਹਵਾਈ ਜਹਾਜ਼ ਰਾਹੀਂ ਲਿਜਾਇਆ ਜਾਂਦਾ ਸੀ। ਇਸ ਪ੍ਰਕਿਰਿਆ ਨੇ ਸਮਾਂ ਅਤੇ ਲਾਗਤ ਬਚਾਉਣ ਵਿੱਚ ਮਦਦ ਕੀਤੀ।

ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਬੰਗਲਾਦੇਸ਼ ਨੂੰ ਆਪਣੀ ਸ਼ੇਖੀ ਦਾ ਭਾਰੀ ਮੁੱਲ ਤਾਰਨਾ ਪੈ ਰਿਹਾ ਹੈ। - ਭਾਰਤ ਦੀ ਆਰਥਿਕ ਸਰਜੀਕਲ ਸਟ੍ਰਾਈਕ ਦਾ ਫੌਜੀ ਕਾਰਵਾਈ ਨਾਲੋਂ ਜ਼ਿਆਦਾ ਘਾਤਕ ਪ੍ਰਭਾਵ ਹੈ। ਭਾਰਤ ਨੇ ਬੰਗਲਾਦੇਸ਼ ਲਈ ਟ੍ਰਾਂਸਸ਼ਿਪਮੈਂਟ ਸਹੂਲਤ ਬੰਦ ਕਰ ਦਿੱਤੀ - ਬੰਗਲਾਦੇਸ਼ੀ ਨਿਰਯਾਤਕ ਮੁਸ਼ਕਲ ਵਿੱਚ - ਨੇਪਾਲ, ਭੂਟਾਨ ਪਾਬੰਦੀ ਤੋਂ ਬਾਹਰ। ਭਾਰਤ ਦੇ ਟ੍ਰਾਂਸਸ਼ਿਪਮੈਂਟ ਆਰਡਰ ਨਾਲ ਬੰਗਲਾਦੇਸ਼ ਦੀ ਨਿਰਯਾਤ ਲਾਗਤ ਤਿੰਨ ਗੁਣਾ ਵੱਧ ਸਕਦੀ ਹੈ - ਮੁਕਾਬਲਾ ਕਰਨ ਦੀ ਯੋਗਤਾ 'ਤੇ ਘਾਤਕ ਪ੍ਰਭਾਵ ਪਵੇਗਾ।

-ਕੰਪਾਈਲਰ ਲੇਖਕ - ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏ.ਟੀ.ਸੀ) ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ

# ਅਕਾਲ ਅਕੈਡਮੀ ਸ਼ੇਹ ਕਲੰਦਰ ਦੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਮੈਥਮੈਟਿਕਸ ਓਲੰਪੀਆਡ ਵਿੱਚ ਦਰਜ ਕੀਤੀ ਸ਼ਾਨਦਾਰ ਪ੍ਰਾਪਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,11 ਅਪ੍ਰੈਲ (ਜਗਸੀਰ ਲੌਂਗੋਵਾਲ)- ਕਲਗੀਧਰ ਟਰੱਸਟ, ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਸ਼ੇਹ ਕਲੰਦਰ ਵੱਲੋਂ ਅੱਜ ਇੰਟਰਨੈਸ਼ਨਲ ਮੈਥਮੈਟਿਕਸ ਓਲੰਪੀਆਡ ਵਿੱਚ ਸ਼ਾਨਦਾਰ ਪ੍ਰਾਪਤੀ ਕੀਤੀ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਅਕਾਲ ਅਕੈਡਮੀ ਦੇ ਪ੍ਰਿੰਸੀਪਲ ਗੁਰਜੀਤ ਕੌਰ ਸਿੱਧੂ ਨੇ ਸਵੇਰ ਦੀ ਅਰਦਾਸ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਗੋਲਡ ਮੈਡਲ ਆਫ ਐਕਸੀਲੈਂਸ ਅਤੇ ਸਰਟੀਫਿਕੇਟ ਪ੍ਰਦਾਨ ਕਰਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਦੱਸਿਆ ਕਿ ਪਹਿਲੀ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਇਸ ਓਲੰਪੀਆਡ ਵਿੱਚ ਭਾਗ ਲਿਆ ਅਤੇ ਕਈ ਵਿੱਦਿਆਰਥੀਆਂ ਨੇ ਪ੍ਰਮੁੱਖ ਇਨਾਮ ਹਾਸਿਲ ਕੀਤੇ। ਇਨ੍ਹਾਂ ਵਿੱਚ ਗੁਰਸੀਰਤ ਕੌਰ, ਖੁਸ਼ਦੀਪ ਕੌਰ, ਜਪਕੀਰਤ ਕੌਰ, ਰਵਨੀਤ ਸਿੰਘ (ਦੂਜੀ ਜਮਾਤ), ਸਿਧਾਂਤ ਸਿੰਘ, ਅਗਮਦੀਪ ਸਿੰਘ, ਜੈਸਮੀਨ ਕੌਰ, ਜਸਕੀਰਤ ਕੌਰ, ਗੁਰਸਿਮਰਤ ਸਿੰਘ (ਤੀਜੀ ਜਮਾਤ), ਉਦੈਵੀਰ ਸਿੰਘ (ਚੌਥੀ ਜਮਾਤ), ਗੁਰਸੀਰਤ ਕੌਰ (ਪੰਜਵੀਂ ਜਮਾਤ), ਜਸਜੋਤ ਕੌਰ, ਰਣਜੋਧ ਸਿੰਘ ਬੁੱਟਰ, ਸੁਖਮਨੀ ਕੌਰ (ਸੱਤਵੀਂ ਜਮਾਤ), ਅਰਪਣਦੀਪ ਕੌਰ,



ਏਕਮਦੀਪ ਸਿੰਘ, ਚਾਂਦਨੀ (ਨੌਵੀਂ ਜਮਾਤ) ਅਤੇ ਸਾਰਿਕਾ (ਦਸਵੀਂ ਜਮਾਤ) ਸ਼ਾਮਲ ਹਨ। ਇਸ ਦੇ ਇਲਾਵਾ ਅੰਤ ਵਿੱਚ ਅਕਾਲ ਅਕੈਡਮੀ ਦੇ ਪ੍ਰਿੰਸੀਪਲ ਨੇ ਮੈਥ ਵਿਭਾਗ ਦੀ ਇੰਚਾਰਜ ਮਿਸ ਸੋਨਾਲੀ ਅਤੇ ਮਿਸ ਮੁਸਕਾਨ ਨੂੰ ਵੀ ਵਧਾਈ ਦਿੰਦਿਆਂ ਕਿਹਾ ਕਿ ਅਕਾਲ ਅਕੈਡਮੀ ਦੇ ਵਿਦਿਆਰਥੀ ਕੇਵਲ ਪਾਠ, ਪੜ੍ਹਾਈ ਵਿੱਚ ਹੀ ਨਹੀਂ ਸਗੋਂ ਗੁਰਮਤਿ, ਖੇਡਾਂ, ਸੰਗੀਤ ਅਤੇ ਹੋਰ ਕਲਾ-ਖੇਤਰਾਂ ਵਿੱਚ ਵੀ ਉਤਸਾਹ ਨਾਲ ਅੱਗੇ ਵਧ ਰਹੇ ਹਨ ਅਤੇ ਇਹ ਪ੍ਰਾਪਤੀ ਸਿਰਫ ਅਕਾਲ ਅਕੈਡਮੀ ਲਈ ਨਹੀਂ, ਸਗੋਂ ਪੂਰੇ ਖੇਤਰ ਲਈ ਮਾਣ ਦੀ ਗੱਲ ਹੈ।

# ਜ਼ਿਲ੍ਹਾ ਕਪੂਰਥਲਾ 'ਚ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਕੰਬਾਇਨਾਂ ਨਾਲ ਕਣਕ ਦੀ ਕਟਾਈ ਕਰਨ 'ਤੇ ਮਨਾਹੀ-ਜ਼ਿਲ੍ਹਾ ਮੈਜਿਸਟਰੇਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫ਼ਗਵਾੜਾ-11 ਅਪ੍ਰੈਲ (ਸ਼ਿਵ ਕੌੜਾ) ਜ਼ਿਲ੍ਹਾ ਮੈਜਿਸਟ੍ਰੇਟ ਕਪੂਰਥਲਾ ਅਮਿਤ ਕੁਮਾਰ ਪੰਚਾਲ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਕਪੂਰਥਲਾ ਵਿੱਚ ਸ਼ਾਮ 7:00 ਵਜੇ ਤੋਂ ਸਵੇਰੇ 06:00 ਵਜੇ ਤੱਕ ਕੰਬਾਈਨਾਂ ਨਾਲ ਕਣਕ ਕੱਟਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਜ਼ਿਲ੍ਹਾ ਕਪੂਰਥਲਾ ਅੰਦਰ ਕਣਕ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਹਾਰਵੈਸਟਰ ਸੁਪਰ ਐਸ.ਐਮ.ਐਸ ਲਗਾਏ ਬਗੈਰ ਨਹੀਂ ਵਰਤਿਆ ਜਾਵੇਗਾ।

ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟਰੇਟ ਕਪੂਰਥਲਾ ਵਲੋਂ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਕਪੂਰਥਲਾ ਦੀ ਹੱਦ ਅੰਦਰ ਕਣਕ ਦੀ ਰਹਿੰਦ ਖੂੰਹਦ/ਪਰਾਲੀ/ਨਾੜ ਨੂੰ ਅੱਗ ਲਗਾਉਣ 'ਤੇ ਵੀ



ਪਾਬੰਦੀ ਲਗਾ ਦਿੱਤੀ ਹੈ। ਉਕਤ ਇਹ ਦੋਵੇਂ ਹੁਕਮ 02 ਮਈ 2025 ਤੱਕ ਲਾਗੂ ਰਹਿਣਗੇ।

# ਪੋਮਾ ਸਿੰਘ ਬੂਟਰ ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਸੁਸਾਇਟੀ ਦੇ ਚੇਅਰਮੈਨ ਬਣੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਸੁਸਾਇਟੀ ਰਜਿ: ਦੀ ਮੀਟਿੰਗ ਸੰਤ ਮਹਿੰਦਰਪਾਲ ਪੰਡਵਾ ਵਾਲਿਆ ਵਲੋਂ ਕੀਤੀ ਗਈ । ਇਸ ਮੌਕੇ ਤੇ ਦੇਸ਼ਾ ਵਿਦੇਸ਼ਾ ਦੀਆਂ ਸਮੂਹ ਸੰਗਤਾਂ ਦੀ ਸਹਿਮਤੀ ਨਾਲ ਪੋਮਾ ਸਿੰਘ ਬੂਟਰ ਨੂੰ ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਸੁਸਾਇਟੀ ਦਾ ਚੇਅਰਮੈਨ ਨਿਯੁੱਕਤ ਕੀਤਾ ਗਿਆ । ਇਸ ਮੌਕੇ ਤੇ ਸੰਤ ਮਹਿੰਦਰਪਾਲ ਪੰਡਵਾ, ਸੰਤ ਬੀਬੀ ਬਿਮਲਾ ਰਾਣੀ, ਸੰਤ ਜਸਵਿੰਦਰਪਾਲ ਪੰਡਵਾ, ਸੰਤ ਮੋਹਨ ਪਾਲ ਪੰਡਵਾ ਨੇ ਆਖਿਆ ਕਿ ਪੋਮਾ ਸਿੰਘ ਬੂਟਰ ਪਿਛਲੇ ਲਗਭਗ 30 ਸਾਲ ਤੋਂ ਗੁਰੂ ਘਰ ਨਾਲ ਜੁੜੇ ਹੋਏ ਹਨ ਉਨ੍ਹਾਂ ਦੀਆਂ ਵਧੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬਹੁਤ ਵੱਡੀ ਜਿੰਮੇਵਾਰੀ ਦਿੱਤੀ ਗਈ । ਇਸ ਮੋਕੇ ਤੇ ਪੋਮਾ ਸਿੰਘ ਬੂਟਰ ਨੇ ਆਖਿਆ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਮਿਲੀ ਹੈ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਦੇਸ਼ਾ ਵਿਦੇਸ਼ਾ ਵਿਚ ਵੀ ਅਸਥਾਨ ਦੀ ਚੜ੍ਹਦੀ ਕਲਾ ਲਈ ਕੰਮ ਕਰਾਂਗੇ ਅਤੇ ਸੁਸਾਇਟੀ ਦੇ ਸਭਨਾਂ ਅਹੁੱਦੇਦਾਰਾਂ ਅਤੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਾਂਗੇ । ਇਸ ਨਿਯੁੱਕਤੀ ਤੇ ਉਨ੍ਹਾਂ ਨੇ ਸੰਤਾਂ ਮਹਾਪੁਰਸ਼ਾ ਅਤੇ ਸਮੂਹ ਸੰਗਤ ਦਾ ਤਹਿ ਦਿਲੋ ਧੰਨਵਾਦ ਕੀਤਾ । ਇਸ ਮੌਕੇ ਤੇ ਪ੍ਰਧਾਨ ਗੁਰਨਾਮ ਚੰਦ, ਸੈਕਟਰੀ ਬਾਲ ਕ੍ਰਿਸ਼ਨ,



ਸੋਮ ਰਾਜ, ਤਰਸੇਮ ਲਾਲ, ਹਰਦੇਵ ਲਾਲ, ਸਰਬਜੀਤ, ਕਿਰਨਦੀਪ, ਕਮਲਜੀਤ ਸਿੰਘ ਬੂਟਰ, ਸੁਦਰਸ਼ਨ ਕੁਮਾਰ, ਤਿਲਕ ਰਾਜ, ਬਲਵੰਤ ਰਾਮ ਸੋਨੂੰ ਆਦਿ ਹਾਜਰ ਸਨ।

# ਸ੍ਰੀ ਗੁਰੂ ਤੇਗਬਹਾਦਰ ਖਾਲਸਾ ਕਾਲਜ ਦੇ ਸੀਨੀਅਰ ਲੈਕਚਰਾਰ ਅਸਿਸਟੈਂਟ ਤਜਿੰਦਰ ਸਿੰਘ ਦੇ ਜਨਮ ਦਿਨ ਮੌਕੇ

## ਆਸਰਾ ਫਾਊਂਡੇਸ਼ਨ ਨੇ ਲਗਾਏ ਬੂਟੇ ਨੌਜਵਾਨਾਂ ਵਲੋਂ ਵਾਤਾਵਰਣ ਤੇ ਮਾਨਵਤਾ ਦੀ ਭਲਾਈ ਦਾ ਬੀੜਾ ਚੁੱਕਣਾ ਸ਼ੁੱਭ ਸੰਕੇਤ -: ਪ੍ਰਿੰਸੀਪਲ ਡਾ.ਜਸਵੀਰ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਸ੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )

ਇਲਾਕੇ ਨੂੰ ਹਰਾ - ਭਰਿਆ ਬਣਾਉਣ ਤੇ ਇਲਾਕਾ ਨਿਵਾਸੀਆਂ ਨੂੰ ਹਰਿਆਵਲ ਲਹਿਰ ਨਾਲ ਜੋੜਨ ਦੇ ਮਕਸਦ ਨਾਲ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵੱਲੋਂ ਲੋਕਾਂ ਦੇ ਜਨਮ ਦਿਹਾੜੇ ਮੌਕੇ 'ਤੇ ਬੂਟੇ ਲਗਵਾ ਕੇ ਖੁਸ਼ੀ ਮਨਾਉਣ ਦਾ ਅਨੌਖਾ ਤਰੀਕਾ ਅਪਣਾਇਆ ਗਿਆ ਹੈ।

ਆਸਰਾ ਫਾਊਂਡੇਸ਼ਨ ਵੱਲੋਂ ਇਸ ਮੁਹਿੰਮ ਨੂੰ ਅੱਗੇ ਤੋਰਦਿਆਂ ਅੱਜ ਸ੍ਰੀ ਗੁਰੂ



ਤੇਗਬਹਾਦਰ ਖਾਲਸਾ ਕਾਲਜ ਦੇ ਸੀਨੀਅਰ ਲੈਕਚਰਾਰ ਅਸਿਸਟੈਂਟ ਸ੍ਰ.ਤਜਿੰਦਰ ਸਿੰਘ ਦੇ ਜਨਮ ਦਿਹਾੜੇ ਮੌਕੇ ਖੁਸ਼ੀ ਸਾਂਝੀ ਕਰਦਿਆਂ ਵੱਖ-ਵੱਖ ਤਰ੍ਹਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਵਾ ਕੇ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸ੍ਰ. ਤਜਿੰਦਰ ਸਿੰਘ ਨੇ ਖੁਸ਼ੀ ਸਾਂਝੀ ਕਰਦਿਆਂ ਆਸਰਾ ਫਾਊਂਡੇਸ਼ਨ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸ੍ਰੀ ਗੁਰੂ ਤੇਗਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਕਿਹਾ ਕਿ ਜਿੱਥੇ ਅੱਜ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਮੋਬਾਈਲ ਦੀ ਲਤ ਕਾਰਣ ਪੰਜਾਬ ਦੀ ਜਵਾਨੀ ਬਰਬਾਦੀ ਦੇ ਰਾਹ ਚੱਲ ਰਹੀ ਹੈ , ਉੱਥੇ ਗੁਰੂਆਂ ਦੀ ਕਿਰਪਾ ਸਦਕਾ ਸਾਡੇ ਇਲਾਕੇ ਵਿੱਚ ਆਸਰਾ ਫਾਊਂਡੇਸ਼ਨ ਵਰਗੇ ਐਨ ਜੀ ਉ ਨਾਲ ਜੁੜ ਕੇ ਨੌਜਵਾਨ ਵਾਤਾਵਰਣ ਤੇ ਮਾਨਵਤਾ ਲਈ ਵੱਡਾ ਉੱਦਮ ਕਰ ਰਹੇ ਹਨ। ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ, ਚੇਅਰਮੈਨ ਨਵੀਨ ਕੁਮਾਰ, ਸਕੱਤਰ ਅੰਕੁਸ਼ ਕੁਮਾਰ, ਮੀਤ ਪ੍ਰਧਾਨ ਦਵਿੰਦਰਪਾਲ ਸਿੰਘ, ਸਤਿੰਦਰਪਾਲ ਸਿੰਘ, ਸੁਪਰਡੈਂਟ ਪ੍ਰੇਮ ਸਿੰਘ, ਸੁਪਰਡੈਂਟ ਅਕਾਊਂਟ ਜਗਜੀਤ ਸਿੰਘ, ਪ੍ਰੋਫ਼: ਕਮਲ ਕੁਮਾਰ, ਪ੍ਰੋਫ਼: ਧਰਮਿੰਦਰ ਪ੍ਰਕਾਸ਼, ਰਾਮ ਪ੍ਰਕਾਸ਼ ਮਾਲੀ ਆਦਿ ਹਾਜ਼ਰ ਸਨ।

# ਪੰਜਾਬ ਸਿੱਖਿਆ ਕ੍ਰਾਂਤੀ "ਕਪੂਰਥਲਾ ਜ਼ਿਲ੍ਹੇ ਦੇ 8 ਹੋਰ ਸਕੂਲਾਂ ਨੂੰ ਮਿਲੀ 94 ਲੱਖ ਰੁਪਏ ਦੇ ਵਿਕਾਸ ਕੰਮਾਂ ਦੀ ਸੌਗਾਤ"

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਪੂਰਥਲਾ ਜ਼ਿਲ੍ਹੇ ਦੇ ਸਕੂਲਾਂ ਦੀ ਨੁਹਾਰ ਬਦਲਣ ਦੀ ਮੁਹਿੰਮ ਤਹਿਤ ਅੱਜ 8 ਹੋਰ ਸਕੂਲਾਂ ਵਿਚ 94 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਤੋਂ ਪਹਿਲਾਂ 16 ਸਕੂਲਾਂ ਅੰਦਰ ਲਗਭਗ 2.5 ਕਰੋੜ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕੰਮਾਂ ਦੇ ਉਦਘਾਟਨ ਬੀਤੇ ਚਾਰ ਦਿਨਾਂ ਅੰਦਰ ਕੀਤੇ ਗਏ ਹਨ ਵਿਕਾਸ ਕਾਰਜਾਂ ਵਿਚ ਮੁੱਖ ਤੌਰ 'ਤੇ ਅਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ,ਚਾਰ ਦੀਵਾਰੀ ਅਤੇ ਸਾਇੰਸ ਲੈਬਾਂ ਦਾ ਨਿਰਮਾਣ ਹੈ। ਫਗਵਾੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਮੀਰਾਂਪੁਰ ਵਿਖੇ ਸੰਸਦ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਵਲੋਂ 8.5 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ 3 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਹੋਰ ਵਿਕਾਸ ਕੰਮ ਲੋਕ ਅਰਪਿਤ ਕੀਤੇ ਗਏ। ਇਸ ਤੋਂ ਇਲਾਵਾ ਸਰਕਾਰੀ ਮਿਡਲ ਸਕੂਲ ਚੱਕਹਕੀਮ ਵਿਖੇ 1.60 ਲੱਖ ਰੁਪਏ ਦੀ ਲਾਗਤ ਨਾਲ





ਸਪੋਰਟਸ ਟਰੈਕ ਅਤੇ 3.50 ਲੱਖ ਰੁਪਏ ਨਾਲ ਚਾਰਦੀਵਾਰੀ ਦੇ ਨਿਰਮਾਣ ਦਾ ਉਦਘਾਟਨ ਕੀਤਾ ਗਿਆ ਕਪੂਰਥਲਾ ਬਲਾਕ ਦੇ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਚੂਹੜਵਾਲ ਵਿਖੇ ਪੰਜਾਬ ਰਾਜ ਗੋਦਾਮ ਨਿਗਮ ਦੇ ਚੇਅਰਮੈਨ ਗੁਰਦੇਵ ਸਿੰਘ ਲਾਖਣਾਂ ਵਲੋਂ 7.51 ਲੱਖ ਰੁਪਏ ਦੀ ਲਾਗਤ ਨਾਲ ਅਡੀਸ਼ਨਲ ਕਲਾਸ ਰੂਮ ਅਤੇ 2 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਅਤੇ ਪ੍ਰਾਇਮਰੀ ਸਕੂਲ ਡੱਲਾ ਵਿਖੇ ਕਪੂਰਥਲਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸੱਜਣ ਸਿੰਘ ਚੀਮਾ ਵਲੋਂ 11 ਲੱਖ ਰੁਪਏ ਦੀ ਲਾਗਤ ਨਾਲ ਸਾਇੰਸ ਬਲਾਕ 22.53 ਲੱਖ ਰੁਪਏ ਦੀ ਲਾਗਤ ਨਾਲ ਅਡੀਸ਼ਨਲ ਕਲਾਸ ਰੂਮਾਂ ਦੇ ਨਿਰਮਾਣ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਇਲਾਵਾ 5.25 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਵੀ ਲੋਕ ਅਰਪਿਤ ਕੀਤੀ ਗਈ ਭੁਲੱਥ ਬਲਾਕ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਦਿਆਲਪੁਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰ ਸਿੰਘਵਾਲਾ ਵਿਖੇ ਹਰਸਿਮਰਨ ਸਿੰਘ ਘੁੰਮਣ ਡਾਇਰੈਕਟਰ ਜਲ ਸਰੋਤ ਵਿਭਾਗ ਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਵਲੋਂ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਨ੍ਹਾਂ ਵਿਚ 15.02 ਲੱਖ ਰਪਏ ਦੀ ਲਾਗਤ ਨਾਲ ਅਡੀਸ਼ਨਲ ਕਲਾਸ ਰੂਮਾਂ ਦਾ ਨਿਰਮਾਣ ਅਤੇ 8 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦਾ ਨਿਰਮਾਣ ਮੁੱਖ ਰੂਪ ਵਿਚ ਸ਼ਾਮਲ ਹੈ ਦੱਸਣਯੋਗ ਹੈ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਲਗਭਗ 54 ਦਿਨ ਦੀ ਮੁਹਿੰਮ ਤਹਿਤ ਪੰਜਾਬ ਸਰਕਾਰ ਵਲੋਂ ਸਕੂਲਾਂ ਅੰਦਰ ਵੱਡੀ ਪੱਧਰ 'ਤੇ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ,ਜਿਸ ਤਹਿਤ ਪੜਾਅਵਾਰ ਕਪੂਰਥਲਾ ਜ਼ਿਲ੍ਹੇ ਦੇ 255 ਸੀਨੀਅਰ ਸੈਕੰਡਰੀ ਅਤੇ 543 ਪ੍ਰਾਇਮਰੀ ਸਕੂਲਾਂ ਦੀ ਕਾਇਆਕਲਪ ਕੀਤੀ ਜਾਵੇਗੀ।

kਇਸ ਮੌਕੇ ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸ.ਜੋਗਿੰਦਰ ਸਿੰਘ ਮਾਨ, ਜੁਆਇੰਟ ਸਕੱਤਰ ਗੁਰਪਾਲ ਸਿੰਘ ਇੰਡੀਅਨ, ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ, ਐਸ.ਡੀ.ਐਮ. ਡੈਵੀ ਗੋਇਲ, ਐਸ.ਡੀ.ਐਮ. ਮੇਜਰ ਡਾ.ਇਰਵਿਨ ਕੌਰ, ਐਸ.ਡੀ.ਐਮ. ਜਸ਼ਨਜੀਤ ਸਿੰਘ, ਐਸ.ਡੀ.ਐਮ. ਕਪਿਲ ਜਿੰਦਲ ਤੇ ਹੋਰ ਮੌਜੂਦ ਸਨ।

# ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਸਰਕਾਰੀ ਸੀ. ਸੈ. ਸਕੂਲ ਭੁੱਲਾਰਾਈ ਵਿਖੇ ਮਨਾਈ ਗਈ ਡਾ. ਅੰਬੇਡਕਰ ਜਯੰਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਭਾਰਤੀ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ 135ਵੇਂ ਜਨਮ ਦਿਵਸ ਦੇ ਮੌਕੇ 'ਤੇ ਲਾਇਨਜ ਕਲੱਬ ਫਗਵਾੜਾ ਚੈਂਪੀਅਨ ਵਲੋਂ ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੁੱਲਾਰਾਈ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਭੇਟ ਕੀਤੀ ਅਤੇ ਨਾਲ ਹੀ ਸਕੂਲ ਨੂੰ ਬੱਚਿਆਂ ਲਈ ਖੇਡਾਂ ਦਾ ਸਮਾਨ ਵੀ ਪ੍ਰਦਾਨ ਕੀਤਾ ਗਿਆ। ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ




321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਜਿੱਥੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ, ਉੱਥੇ ਹੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਅੰਬੇਡਕਰ ਦੇ ਜੀਵਨ ਸਫਰ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਇੱਕ ਵਕੀਲ, ਅਰਥਸ਼ਾਸਤਰੀ, ਸਿਆਸਤਦਾਨ ਅਤੇ ਸਮਾਜ ਸੁਧਾਰਕ ਸਨ। ਉਹਨਾਂ ਦੀ ਸਫਲਤਾ ਦਾ ਰਾਜ਼ ਉਹਨਾਂ ਦਾ ਗਿਆਨ ਸੀ, ਜਿਸ ਨੂੰ ਉਨ੍ਹਾਂ ਨੇ ਪੜ੍ਹ-ਲਿਖ ਕੇ ਅਤੇ ਜੀਵਨ ਦੇ ਤਜ਼ਰਬਿਆਂ ਰਾਹੀਂ ਹਾਸਲ ਕੀਤਾ ਤੇ ਦੁਨੀਆ ਦੇ ਪ੍ਰਮੁੱਖ ਬੁੱਧੀਜੀਵੀਆਂ ਦੀ ਸ਼੍ਰੇਣੀ ਵਿੱਚ ਸਥਾਨ ਪਾਇਆ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ। ਸਕੂਲ ਦੇ ਪ੍ਰਿੰਸੀਪਲ ਰਾਜਨ ਚੋਪੜਾ ਨੇ ਲਾਇਨਜ਼ ਮੈਂਬਰਾਂ ਵਲੋਂ ਕੀਤੇ ਉਪਰਾਲੇ ਦੀ ਪ੍ਰਸ਼ੰਸਾ ਅਤੇ ਧੰਨਵਾਦ ਪ੍ਰਗਟ ਕੀਤਾ। ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਬੱਚਿਆਂ ਨੂੰ ਉੱਚ ਸਿੱਖਿਆ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਮੈਦਾਨੀ ਖੇਡਾਂ ਵਿੱਚ ਦਿਲਚਸਪੀ ਲੈਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਡਾਇਰੈਕਟਰ ਲਾਇਨ ਸੰਦੀਪ ਚਾਹਲ ਦੇ ਸਹਿਯੋਗ ਸਦਕਾ ਭੇਂਟ ਕੀਤੀ ਸਮੱਗਰੀ ਵਿਚ ਸਟੇਸ਼ਨਰੀ ਤੋਂ ਇਲਾਵਾ ਬੈਡਮਿੰਟਨ ਰੈਕੇਟ, ਵਾਲੀਬਾਲ ਅਤੇ ਫੁੱਟਬਾਲ ਆਦਿ ਸ਼ਾਮਲ ਸਨ। ਉਨ੍ਹਾਂ ਭਰੋਸਾ ਦਿੱਤਾ ਕਿ ਅਜਿਹੇ ਪ੍ਰੋਜੈਕਟ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਕਲੱਬ ਦੇ ਕੈਸ਼ੀਅਰ ਲਾਇਨ ਅਜੈ ਕੁਮਾਰ, ਲਾਇਨ ਸ਼ਸ਼ੀ ਕਾਲੀਆ ਤੋਂ ਇਲਾਵਾ ਸਕੂਲ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ

# ਅਨੁਸੂਚਿਤ ਜਾਤੀ ਭਾਈਚਾਰੇ ਨੂੰ ਏ.ਜੀ. ਦਫ਼ਤਰ 'ਚ ਮਿਲੇਗੀ ਵੱਧ ਨੁਮਾਇੰਦਗੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੂਬੇ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ (Scheduled Caste community) ਨੂੰ ਲਾਅ ਅਫ਼ਸਰਾਂ ਵਜੋਂ ਠੇਕੇ ਉਤੇ ਭਰਤੀ ਵਿੱਚ ਢੁਕਵੀਂ ਨੁਮਾਇੰਦਗੀ ਮੁਹੱਈਆ ਕਰਨ ਲਈ ਆਰਡੀਨੈਂਸ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਫੈਸਲਾ ਅੱਜ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਅਧਿਕਾਰਕ ਨਿਵਾਸ `ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਇਸ ਦਾ ਖੁਲਾਸਾ ਕਰਦਿਆਂ ਅੱਜ ਇੱਥੇ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਕੈਬਨਿਟ ਨੇ ਪੰਜਾਬ ਲਾਅ ਆਫ਼ਿਸਰਜ਼ (ਇੰਗੇਜਮੈਂਟ) ਐਕਟ, 2017 ਵਿੱਚ ਸੋਧ ਲਈ ਆਰਡੀਨੈਂਸ ਜਾਰੀ ਕਰਨ ਨੂੰ ਮਨਜ਼ੂਰੀ ਦੇ ਦਿੱਤੀ। ਇਸ ਕਦਮ ਦਾ ਉਦੇਸ਼ ਸੂਬੇ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਲਾਅ ਅਫ਼ਸਰਾਂ ਦੀ ਠੇਕੇ ਉਤੇ ਨਿਯੁਕਤੀ ਲਈ ਆਮਦਨ ਦੇ ਮਾਪਦੰਡਾਂ ਵਿੱਚ ਢਿੱਲ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਆਮਦਨ ਦੇ ਮਾਪਦੰਡਾਂ ਵਿੱਚ ਢਿੱਲ ਦੇਣ ਦਾ ਉਦੇਸ਼ ਏ.ਜੀ. ਦਫ਼ਤਰ, ਪੰਜਾਬ ਵਿੱਚ ਲਾਅ ਅਫਸਰਾਂ ਵਜੋਂ ਠੇਕੇ `ਤੇ ਨਿਯੁਕਤੀ ਲਈ ਅਨੁਸੂਚਿਤ ਜਾਤੀ ਭਾਈਚਾਰੇ ਦੇ ਮੈਂਬਰਾਂ ਨੂੰ ਢੁਕਵੀਂ ਪ੍ਰਤੀਨਿਧਤਾ ਮੁਹੱਈਆ ਕਰਨਾ ਹੈ।

# ਸਰਕਾਰ ਪੰਜਾਬ ਵਿੱਚ ਨਸ਼ਿਆਂ ਨੂੰ ਬੰਦ ਕਰਵਾਉਣ ਲਈ ਪੋਸਤ ਦੀ ਖੇਤੀ ਦਾ ਬਦਲਾਅ ਲਿਆਵੇ-ਬੁੱਟਰ,ਸੇਖੋਂ,ਘੁੰਮਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਜਲੰਧਰ 11 ਅਪ੍ਰੈਲ( ਜੇ. ਐਸ. ਸੋਢੀ ) ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਮਾਜ ਸੇਵਕ ਗੁਰਨਾਮ ਸਿੰਘ ਬੁੱਟਰ ਐਨ.ਆਰ.ਆਈ , ਹਰਭੇਜ ਸਿੰਘ ਸੇਖੋਂ ਪ੍ਰਧਾਨ ਉੱਤਮ ਕਿਸਾਨ ਯੂਨੀਅਨ ਵਾਸੀ ਹਲਕਾ ਸੁਰ ਸਿੰਘ, ਜਿਲ੍ਹਾ ਤਰਨ ਤਾਰਨ,ਹਰਜਿੰਦਰ ਸਿੰਘ ਘੁੰਮਣ ਹਲਕਾ ਚਮਕੌਰ ਸਾਹਿਬ,ਜਿਲ੍ਹਾ ਰੋਪੜ ਨੇ ਕਿਹਾ ਕਿ 5 ਸੈਟੀਮੀਟਰ ਮੀਟਰ ਹਰ ਸਾਲ ਪਾਣੀ ਥੱਲੇ ਜਾ ਰਿਹਾ, ਇਕ ਸ਼ਰਾਬ ਦੀ ਬੋਤਲ ਲਈ 273 ਲੀਟਰ ਪਾਣੀ ਦੀ ਖਪਤ ਹੁੰਦੀ, ਉਸ ਤੋਂ ਬਾਦ ਝੋਨਾ ਪੈਦਾ ਕਰਨ ਲਈ ਕਾਫ਼ੀ ਪਾਣੀ ਦਾ ਨੁਕਸਾਨ ਹੁੰਦਾ ,ਉਹ ਸਮਾਂ ਦੂਰ ਨਹੀਂ ਪੰਜਾਬ ਰੇਗਿਸਤਾਨ ਬਣਨ ਜਾ ਰਿਹਾ । ਇਸ ਮੁੱਦੇ ਦੇ ਹੱਲ ਲਈ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਅਤੇ ਮੁੱਖ ਮੰਤਰੀ ਸ.ਭਗਵੰਤ ਮਾਨ ਨਾਲ ਗੱਲ ਹੋਈ ਸੀ, ਜਿਹਨਾਂ ਨੂੰ ਦੂਸਰਾ ਰਾਹ ਪੰਜਾਬ ਵਿੱਚ ਪੋਸਤ ਦੀ ਖੇਤੀ ਕਰਨ ਬਾਰੇ ਕਿਹਾ ਸੀ । ਇਸ ਨਾਲ ਇਕ ਤਾਂ ਪੰਜਾਬ ਦਾ ਪਾਣੀ ਬਚੇਗਾ,ਦੂਸਰਾ ਸਰਕਾਰ ਨੂੰ ਬਾਹਰ ਵਿਦੇਸ਼ ਜਾਂ ਦੂਸਰਿਆਂ ਸੂਬਿਆਂ ਤੋਂ ਅਫੀਮ ਨਹੀਂ ਮੰਗਵਾਉਣੀ ਪਵੇਗੀ । ਜੇਕਰ ਇਹ ਖੇਤੀ ਰਾਜਸਥਾਨ ਜਾਂ ਯੂ.ਪੀ. ਵਰਗੇ ਸੂਬੇ ਕਰ ਸਕਦੇ ਹਨ ਤੇ ਪੰਜਾਬ ਕਿਉਂ ਨਹੀਂ ? ਦੇਸ਼ ਦੇ 12 ਰਾਜਾਂ ਵਿੱਚ ਇਹ ਖੇਤੀ ਹੁੰਦੀ ਹੈ । ਜਦ ਕਿ ਅਫ਼ੀਮ ਕੱਢਣ ਤੋਂ ਬਾਦ ਦੂਸਰਿਆਂ ਸੂਬਿਆਂ ਵਿੱਚ ਪੋਸਤ ਨੂੰ ਜਲਾ ਦਿੱਤਾ ਜਾਂਦਾ ਹੈ । ਪੋਸਤ ਦੇ ਇਸਤੇਮਾਲ ਨਾਲ ਅਮਲੀ ਨਹੀਂ ਮਰਨਗੇ ਦੇ ਚਿੱਟੇ ਦਾ ਨਸ਼ਾ ਬਦਲਾਅ ਵਿੱਚ ਛੱਡਿਆ ਜਾਂ ਸਕਦਾ ਹੈ ਤੇ ਪੰਜਾਬ ਦੀ ਜਵਾਨੀ ਬੱਚ ਸਕਦੀ ਹੈ । ਪਿਛਲੇ 40-40 ਸਾਲ ਤੋਂ ਪੋਸਤ ਖਾਂਦੇ ਅਮਲੀ ਮਰੇ ਨਹੀਂ । ਸੰਨ 1957 ਤੱਕ ਪੋਸਤ ਦੀ ਖੇਤੀ ਪੰਜਾਬ ਵਿੱਚ ਹੁੰਦੀ ਰਹੀ ਹੈ ਤੇ ਇਸ ਦੇ ਮੋਰਿੰਡਾ ਹਲਕੇ ਵਿੱਚ ਠੇਕੇ ਸਨ । ਸਰਕਾਰ ਜਿੰਨੇ ਮਰਜ਼ੀ ਬਲਡੋਜਰ ਚਲਾ ਲਵੇ,ਅਮਲੀਆ ਨੇ ਨਸ਼ੇ ਬਿਨਾ ਨਹੀਂ ਰਹਿਣਾ । ਸਰਕਾਰੀ ਹਸਪਤਾਲਾਂ ਵਿੱਚ ਗੋਲੀਆਂ ਪੱਕਾ ਹੱਲ ਨਹੀਂ,ਜਾਂ ਤਾਂ ਅਮਲੀਆਂ ਦਾ ਪੱਕਾ ਨਸ਼ਾ ਛੁਡਵਾਉਣ । ਇਸ ਸਬੰਧੀ ਮੁੱਖ ਮੰਤਰੀ ਸਾਹਿਬ ਭਗਵੰਤ ਮਾਨ ਜੀ ਨੇ ਹੁਣ ਸਾਨੂੰ ਮਿਲਦੇ ਨਹੀਂ । ਸਰਕਾਰ ਨਕਲੀ ਦੁੱਧ ਤੇ ਵੀ ਕਾਬੂ ਪਾਵੇ, ਦੁੱਧ ਦੀ ਖ਼ਪਤ ਹਰ ਰੋਜ ਵੱਧ ਰਹੀ ਹੈ ਤੇ ਪੰਜਾਬ ਵਿੱਚ ਮੱਝਾਂ ਦੀ ਗਿਣਤੀ 40 ਲੱਖ ਤੋਂ ਘੱਟ ਕੇ 15 ਲੱਖ ਰਹਿ ਗਈ ।ਸਰਕਾਰ ਸਾਡੀ ਇਸ ਫਰਿਆਦ ਨੂੰ ਸੁਣ ਕੇ ਸਭ ਕੁਝ ਲਾਗੂ ਕਰੇ । ਇਸ ਮੌਕੇ ਉੱਤਮ ਕਿਸਾਨ ਵੈਲਫ਼ੇਅਰ ਯੂਨੀਅਨ,ਇਨਸਾਫ਼ ਟੀਮ ਪੰਜਾਬ,ਮੇਜਰ ਸਿੰਘ ਸਰਪੰਚ ਜ਼ਿਲ੍ਹਾ ਲੁਧਿਆਣਾ ਅਤੇ ਹੋਰ ਕਿਸਾਨ ਯੂਨੀਅਨਾਂ ਦੇ ਆਗੂ ਵੀ ਮੌਜੂਦ ਸਨ ।

# ਸਪੈਸ਼ਲ ਬੱਚਿਆਂ ਦੇ ਉਮੰਗ ਸੀਜਨ-7 ਮੁਕਾਬਲੇ ਦੀ ਅੱਜ ਹੋਵੇਗੀ ਸ਼ੁਰੂਆਤ-ਪਰਮਜੀਤ ਸੱਚਦੇਵਾ

## ਪੂਰੇ ਦੇਸ਼ ਤੋਂ ਪਹੁੰਚਣਗੇ ਸਪੈਸ਼ਲ ਬੱਚੇ, ਤਿਆਰੀਆਂ ਮੁਕੰਮਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 11 ਅਪ੍ਰੈਲ ( ਤਰਸੇਮ ਦੀਵਾਨਾ ) ਜੇ.ਐੱਸ.ਐੱਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਅਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਉਮੰਗ ਸੀਜਨ-7 ਸੱਭਿਆਚਾਰਕ ਮੁਕਾਬਲਾ ਜੋ ਕਿ ਮਾਨਸਿਕ ਤੌਰ 'ਤੇ ਕਮਜੋਰ ਸਪੈਸ਼ਲ ਬੱਚਿਆਂ ਦਰਮਿਆਨ ਕਰਵਾਇਆ ਜਾਂਦਾ ਹੈ ਦੀ ਸ਼ੁਰੂਆਤ 12 ਅਪ੍ਰੈਲ ਨੂੰ ਸਵੇਰੇ 11 ਵਜੇ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਜਲੰਧਰ-ਫਗਵਾੜਾ ਬਾਈਪਾਸ ਵਿਖੇ ਕਰਵਾਈ ਜਾ ਰਹੀ ਹੈ, ਇਸ ਸਬੰਧੀ ਜਾਣਕਾਰੀ ਪਰਮਜੀਤ ਸਿੰਘ ਸੱਚਦੇਵਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ ਤੇ ਕਿਹਾ ਕਿ ਸਪੈਸ਼ਲ ਬੱਚਿਆਂ ਲਈ ਕਰਵਾਇਆ ਜਾਣ ਵਾਲਾ ਇਹ ਆਪਣੀ ਤਰ੍ਹਾਂ ਦਾ ਦੇਸ਼ ਦਾ ਇਕਲੌਤਾ ਮੁਕਾਬਲਾ ਹੈ ਜੋ ਕਿ ਸਾਲ 2015 ਤੋਂ 2023 ਤੱਕ




ਕੈਪਸ਼ਨ-ਉਮੰਗ ਸੀਜਨ-7 ਪ੍ਰਤੀ ਜਾਣਕਾਰੀ ਦਿੰਦੇ ਪਰਮਜੀਤ ਸੱਚਦੇਵਾ ਅਤੇ ਹੋਰ।

ਪੰਜਾਬ ਦੇ ਸਪੈਸ਼ਲ ਬੱਚਿਆਂ ਦਰਮਿਆਨ, 2024 ਵਿੱਚ ਨਾਰਥ ਜੋਨ ਅਤੇ ਹੁਣ 2025 ਵਿੱਚ ਪੂਰੇ ਦੇਸ਼ ਦੇ ਸਪੈਸ਼ਲ ਬੱਚਿਆਂ ਦਰਮਿਆਨ ਕਰਵਾਇਆ ਜਾ ਰਿਹਾ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਸੀਜਨ ਦਰਮਿਆਨ ਛੋਟੀ ਟੀਮ ਕੈਟੇਗਰੀ ਵਿੱਚ 8 ਬੱਚੇ ਅਤੇ ਵੱਡੀ ਟੀਮ ਕੈਟੇਗਰੀ ਵਿੱਚ 16 ਬੱਚੇ ਭਾਗ ਲੈਣਗੇ, ਕੁੱਲ 29 ਟੀਮਾਂ ਭਾਗ ਲੈਣਗੀਆਂ ਜਿਨ੍ਹਾਂ ਵਿੱਚ 330 ਬੱਚੇ ਹੋਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ 2 ਲੱਖ ਤੱਕ ਦੇ ਕੈਸ਼ ਇਨਾਮ ਤੇ ਬਾਕੀ ਬੱਚਿਆਂ ਨੂੰ ਗਿਫਟ ਦਿੱਤੇ ਜਾਣਗੇ। ਇਸ ਸੀਜਨ ਵਿੱਚ ਬੱਚਿਆਂ ਲਈ 9 ਈਵੇਂਟ ਰੱਖੇ ਗਏ ਹਨ ਜਿਨ੍ਹਾਂ ਵਿੱਚ ਸੋਲੋ ਡਾਂਸ ਮੇਲ, ਸੋਲੋ ਡਾਂਸ ਫੀਮੇਲ, ਗਰੁੱਪ ਡਾਂਸ ਮੇਲ, ਗਰੁੱਪ ਡਾਂਸ ਫੀਮੇਲ, ਫੈਸ਼ਨ ਸ਼ੋ, ਕੋਰੀਓਗ੍ਰਾਫੀ ਤੇ ਇਸ ਤੋਂ ਇਲਾਵਾ ਲੋਅਰ ਅਬਿਲਟੀ ਦੇ ਬੱਚਿਆਂ ਲਈ ਪਹਿਲੀ ਵਾਰ ਮੁਕਾਬਲੇ ਕਰਵਾਏ ਜਾਣਗੇ, ਉਨ੍ਹਾਂ ਦੱਸਿਆ ਕਿ ਇਸ ਦੌਰਾਨ ਇੱਕ ਪ੍ਰੋਗਰਾਮ ਸਪੈਸ਼ਲ ਤੇ ਆਮ ਬੱਚਿਆਂ ਦਾ ਸਾਂਝੇ ਤੌਰ 'ਤੇ ਕਰਵਾਇਆ ਜਾਵੇਗਾ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ 2 ਦਿਨ ਚੱਲਣ ਵਾਲੇ ਇਸ ਪ੍ਰੋਗਰਾਮ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ, ਅਮ੍ਰਿਤ ਸਾਗਰ ਮਿੱਤਲ ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਮੰਤਰੀ ਡਾ. ਰਵਜੋਤ ਸਿੰਘ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਕਰਮਵੀਰ ਸਿੰਘ ਘੁੰਮਣ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐੱਸ.ਐੱਸ. ਪੀ. ਸੰਦੀਪ ਕੁਮਾਰ ਮਲਿਕ, ਅਸ਼ੋਕ ਅਰੋੜਾ ਪ੍ਰਧਾਨ ਐੱਸਓਬੀ ਪੰਜਾਬ, ਮਨਦੀਪ ਸਿੰਘ ਬਰਾੜ ਸਪੋਰਟਸ ਡਾਇਰੈਕਟਰ ਐੱਸਓਬੀ ਪੰਜਾਬ ਵੀ ਪਹੁੰਚਣਗੇ। ਇਸ ਮੌਕੇ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਸੈਕਟਰੀ ਕਰਨਲ ਗੁਰਮੀਤ ਸਿੰਘ, ਸੀ.ਏ.ਤਰਨਜੀਤ ਸਿੰਘ, ਮਲਕੀਤ ਸਿੰਘ ਮਹੇੜੂ, ਹਰੀਸ਼ ਐਰੀ, ਹਰਮੇਸ਼ ਤਲਵਾੜ, ਮਸਤਾਨ ਸਿੰਘ ਗਰੇਵਾਲ, ਹਰੀਸ਼ ਠਾਕੁਰ, ਰਾਮ ਆਸਰਾ, ਪ੍ਰਿੰਸੀਪਲ ਸ਼ੈਲੀ ਸ਼ਰਮਾ ਆਦਿ ਵੀ ਮੌਜੂਦ ਸਨ।

# ਸ.ਬਲਵੰਤ ਸਿੰਘ ਦੁੱਲਟ (ਕਨੇਡਾ ) ਦੇ ਦਾਦੀ ਮਾਤਾ ਗੁਰਦੇਵ ਕੌਰ ਦੇ ਦੇਹਾਂਤ ਤੇ ਵੱਖ - ਵੱਖ ਸ਼ਖ਼ਸੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,11 ਅਪ੍ਰੈਲ ( ਜਗਸੀਰ ਸਿੰਘ ) - ਇਲਾਕੇ ਦੇ ਪ੍ਰਸਿੱਧ ਸਮਾਜ ਸੇਵਕ ਸ. ਬਲਵੰਤ ਸਿੰਘ ਦੁੱਲਟ (ਕਨੇਡਾ) ਦੇ ਦਾਦੀ ਮਾਤਾ ਸ਼੍ਰੀਮਤੀ ਗੁਰਦੇਵ ਕੌਰ ਸੁਪਤਨੀ ਸ. ਮਲਕੀਤ ਸਿੰਘ ਅਕਾਲੀ ਵਾਸੀ ਕੋਠੇ ਦੁੱਲਟ ਵਾਲਾ (ਲੌਂਗੋਵਾਲ) ਦਾ ਪਿਛਲੇ ਦਿਨੀ ਦੇਹਾਂਤ ਹੋ ਗਿਆ ਸੀ। ਇਸ ਸੋਗ ਦੀ ਘੜੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ,ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ, ਪੰਜਾਬ ਦੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ, ਮੈਂਬਰ ਪਾਰਲੀਮੈਂਟ ਸੰਗਰੂਰ ਸ੍ਰੀ ਮੀਤ ਸਿੰਘ ਹੇਅਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਮੈਂਬਰ ਪਾਰਲੀਮੈਂਟ ਸ.ਸੁਖਦੇਵ ਸਿੰਘ ਢੀਡਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸਾਬਕਾ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ,ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸ.ਪਰਮਿੰਦਰ ਸਿੰਘ ਢੀਂਡਸਾ, ਨੌਜਵਾਨ ਅਕਾਲੀ ਆਗੂ ਸ.ਅਮਨਬੀਰ ਸਿੰਘ ਚੈਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸੁਨਮ ਇੰਚਾਰਜ ਬਾਬੂ ਰਜਿੰਦਰ ਦੀਪਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਰਮ ਸਿੰਘ ਬਰਾੜ,ਕਾਂਗਰਸ ਦੇ ਜ਼ਿਲ੍ਹਾ ਸੰਗਰੂਰ ਯੂਥ ਵਿੰਗ ਦੇ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ, ਸੀਨੀਅਰ ਕਾਂਗਰਸੀ ਆਗੂ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਕਾਂਗਰਸ ਦੇ ਹਲਕਾ ਸੁਨਾਮ ਇੰਚਾਰਜ ਜਸਵਿੰਦਰ ਸਿੰਘ ਧੀਮਾਨ, ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ, ਆਪ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਢਿੱਲੋ,ਆਮ ਆਦਮੀ ਪਾਰਟੀ ਦੇ ਬੀ.ਸੀ. ਵਿੰਗ ਦੇ ਸੂਬਾ ਜੁਆਇੰਟ ਸਕੱਤਰ ਰਾਜ ਸਿੰਘ ਰਾਜੂ,ਸੀਨੀਅਰ ਆਪ ਆਗੂ ਕਮਲ ਸਿੰਘ ਬਰਾੜ, ਜਥੇਦਾਰ ਉਦੇ ਸਿੰਘ ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ, ਸੀਨੀ.ਆਪ ਆਗੂ ਅੰਮ੍ਰਿਤਪਾਲ ਸਿੰਘ ਸਿੱਧੂ,ਆਪ ਦੇ ਬਲਾਕ ਪ੍ਰਧਾਨ ਵਿੱਕੀ ਵਸ਼ਿਸ਼ਟ, ਸਮਾਜ ਸੇਵਕ ਅਸ਼ੋਕ ਕੁਮਾਰ ਬਬਲੀ,ਡੈਮੋਕਰੈਟਿਕ ਹਿਉਮਨ ਪਾਵਰ ਆਰਗੀਨਾਈਜੇਸ਼ਨ ਦੇ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ, ਸੂਬਾ ਮੀਤ ਪ੍ਰਧਾਨ ਤਰਨਪ੍ਰੀਤ ਸਿੰਘ ਬਲਿੰਗ, ਸ਼੍ਰੋਮਣੀ ਅਕਾਲੀ ਦਲ (ਅ) ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ, ਸਮਾਜ ਸੇਵਕ ਮਨੀਸ਼ ਕੁਮਾਰ ਮੋਨਾ,ਹਰਮੇਸ਼ ਸਿੰਘ ਸਿੱਧੂ ਨਗਰ ਕੌਂਸਲ ਦੇ ਮੀਤ ਪ੍ਰਧਾਨ ਸਰਦਾਰ ਰਣਜੀਤ ਸਿੰਘ ਸਿੱਧੂ ਸੀਨੀਅਰ ਆਗੂ ਅੰਮ੍ਰਿਤ ਪਾਲ ਸਿੰਘ ਸਿੱਧੂ ,ਆਪ ਦੇ ਬਲਾਕ ਪ੍ਰਧਾਨ ਵਿੱਕੀ ਵਸ਼ਿਸ਼ਟ, ਸਮਾਜ ਸੇਵਕ ਅਸ਼ੋਕ ਕੁਮਾਰ ਬਬਲੀ,ਡੈਮੋਕਰੈਟਿਕ ਹਿਉਮਨ ਪਾਵਰ ਆਰਗੀਨਾਈਜੇਸ਼ਨ ਦੇ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ,ਸੂਬਾ ਮੀਤ ਪ੍ਰਧਾਨ ਤਰਨਪ੍ਰੀਤ ਸਿੰਘ ਬਲਿੰਗ, ਸ਼੍ਰੋਮਣੀ ਅਕਾਲੀ ਦਲ (ਅ) ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ, ਸਮਾਜ ਸੇਵਕ ਮਨੀਸ਼ ਕੁਮਾਰ ਮੋਨਾ,ਬਲਕਾਰ ਸਿੰਘ ਸਿੱਧੂ, ਸੁਖਪਾਲ ਸਿੰਘ ਬਾਜਵਾ, ਮੁਖਤਿਆਰ ਸਿੰਘ ਰਾਓ, ਮਾਸਟਰ ਨਰਿੰਦਰ ਸਰਮਾਂ, ਆਪ ਆਗੂ ਨੀਟੂ ਸਰਮਾ, ਜਥੇਦਾਰ ਸੁਰਜੀਤ ਸਿੰਘ ਦੁੱਲਟ,ਸਮਾਜ ਸੇਵਕ ਬੰਟੀ ਮਾਨ, ਯਾਦਵਿੰਦਰ ਸਿੰਘ ਵਿੱਕੀ ਕੌਲੇ ਕਾ, ਕੌਂਸਲਰ ਜਸਪ੍ਰੀਤ ਕੌਰ, ਕੌਂਸਲਰ ਗੁਰਮੀਤ ਸਿੰਘ ਲੱਲੀ, ਸਿਸਨਪਾਲ ਗਰਗ, ਕੌਂਸਲਰ ਗੁਰਮੀਤ ਸਿੰਘ ਫੌਜੀ, ਕੌਂਸਲਰ ਸ਼੍ਰੀਮਤੀ ਸੁਸਮਾ ਰਾਣੀ, ਕੌਂਸਲਰ ਸ਼੍ਰੀਮਤੀ ਰੀਨਾ ਰਾਣੀ, ਕੌਂਸਲਰ ਜਗਜੀਤ ਸਿੰਘ ਕਾਲਾ, ਕੌਂਸਲਰ ਬਲਵਿੰਦਰ ਸਿੰਘ ਕਾਲਾ,ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਸੂਬੇਦਾਰ ਮੇਲਾ ਸਿੰਘ, ਸਾਬਕਾ ਮੀਤ ਪ੍ਰਧਾਨ ਤੇ ਮੌਜੂਦਾ ਕੌਂਸਲਰ ਨਸੀਬ ਕੌਰ ਚੇਟੀਆਂ, ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਰੀਤੂ ਗੋਇਲ, ਕੌਂਸਲਰ ਬਲਜਿੰਦਰ ਕੌਰ ਗੁਮਟੀ, ਪ੍ਰੀਤਮ ਸਿੰਘ ਹੌਲਦਾਰ,ਸਰਪੰਚ ਜਗਸੀਰ ਸਿੰਘ ਢਿੱਲੋਂ ,ਸਰਪੰਚ ਦਰਸਨ ਸਿੰਘ ਜੱਸੇਕਾ, ਮਾਸਟਰ ਭਰਗਾਨੰਦ ਸ਼ਰਮਾ, ਪ੍ਰੀਤਮ ਸਿੰਘ ਢਿੱਲੋਂ, ਗੁਰਸੇਵਕ ਸਿੰਘ ਸਿੱਧੂ, ਜਥੇਦਾਰ ਮਹਿੰਦਰ ਸਿੰਘ ਦੁੱਲਟ,ਹਰਦੇਵ ਸਿੰਘ ਭੱਠਲ, ਨਗਰ ਕੌਂਸਲ ਸਾਬਕਾ ਮੀਤ ਪ੍ਰਧਾਨ ਬੁੱਧ ਰਾਮ ਗਰਗ ,ਕਰਨੈਲ ਸਿੰਘ ਜੱਸੇਕਾ , ਸਰਪੰਚ ਗੁਰਦੀਪ ਸਿੰਘ ਤਕੀਪੁਰ, ਸਾਬਕਾ ਸਰਪੰਚ ਮੱਖਣ ਸਿੰਘ ਮੰਡੇਰ ਕਲਾਂ, ਸਰਪੰਚ ਜੁਗਰਾਜ ਸਿੰਘ ਮੰਡੇਰ ਕਲਾਂ,ਠੇਕੇਦਾਰ ਮਹਿੰਦਰਪਾਲ ਸਿੰਘ ਭੇਲਾ, ਬਲਕਾਰ ਸਿੰਘ ਸੰਗਾਲਾ, ਚੇਅਰਮੈਨ ਮਾਰਕੀਟ ਕਮੇਟੀ ਚੀਮਾ ਗੀਤੀ ਮਾਨ, ਸਾਬਕਾ ਡਾ. ਮਨੀਸ਼ ਕੁਮਾਰ ਸ਼ੈਲੂ, ਬਾਬਾ ਸਤਿਗੁਰ ਸਿੰਘ, ਗੁਰਸੇਵਕ ਸਿੰਘ ਸਿੱਧੂ, ਡਾ.ਮਾਲਵਿੰਦਰ ਸਿੰਘ ਮਾਲੀ, ਜੁਗਰਾਜ ਸਿੰਘ ਸਰਪੰਚ ਮੰਡੇਰ ਕਲਾਂ, ਮੱਖਣ ਸਿੰਘ ਸਾਬਕਾ ਸਰਪੰਚ ਮੰਡੇਰ ਕਲਾਂ, ਸਰਪੰਚ ਗੋਬਿੰਦ ਸਿੰਘ ਲੌਂਗੋਵਾਲ, ਸਰਪੰਚ ਲਖਵੀਰ ਸਿੰਘ ਲੱਖੀ, ਸਰਪੰਚ ਗੁਰਬਖਸੀਸ ਸਿੰਘ ਮੰਡੇਰ ਖੁਰਦ, ਬੀਜੇਪੀ ਦੇ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ, ਸੀਨੀਅਰ ਭਾਜਪਾ ਆਗੂ ਵਿਜੇ ਗੋਇਲ, ਸਰਪੰਚ ਭੀਮ ਦਾਸ ਬਾਵਾ, ਸਾਬਕਾ ਪ੍ਰਿੰਸੀਪਲ ਜੋਰਾ ਸਿੰਘ ਵਾਲੀਆ, ਸਰਪੰਚ ਪ੍ਰਿਤਪਾਲ ਸਿੰਘ ਦਿਆਲਗੜ੍ਹ, ਸਰਪੰਚ ਪਰਮਜੀਤ ਸਿੰਘ ਪੰਮਾ, ਪਰਮਜੀਤ ਸਿੰਘ ਸਿੱਧੂ, ਮਾਸਟਰ ਗੁਰਵਿੰਦਰ ਸਿੰਘ, ਬਾਬਾ ਕੁਲਵੰਤ ਸਿੰਘ ਕਾਂਤੀ, ਪੂਰਨ ਸਿੰਘ ਦੁੱਲਟ, ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਚੇਟੀਆਂ, ਸਾਬਕਾ ਪ੍ਰਧਾਨ ਜਗਦੇਵ ਸਿੰਘ ਸਿੱਧੂ, ਨੰਬਰਦਾਰ ਅਵਤਾਰ ਸਿੰਘ ਦੁੱਲਟ, ਕਾਲਾ ਰਾਮ ਮਿੱਤਲ, ਸੁਸਾਇਟੀ ਪ੍ਰਧਾਨ ਜਸਵਿੰਦਰ ਸਿੰਘ ਦੁੱਲਟ, ਸਰਪੰਚ ਸੁਖਵਿੰਦਰ ਸਿੰਘ ਚਹਿਲ, ਜਗਦੇਵ ਸਿੰਘ ਲੇਹਾਖੇੜਾ, ਨਿਗਮ ਖਾਨ, ਆੜ੍ਹਤੀਆ ਐਸੋਸੀਏਸ਼ਨ ਦੇ ਆਗੂ ਮੰਗਤ ਰਾਏ ਮੰਗੂ, ਸੇਠ ਭੀਮ ਸੈਨ,ਪ੍ਰਧਾਨ ਬਲਵਿੰਦਰ ਸਿੰਘ, ਬਲਕਾਰ ਸਿੰਘ



ਸੰਗਾਲਾ, ਚੇਅਰਮੈਨ ਜਗਤਾਰ ਸਿੰਘ,ਸਰਪੰਚ ਨਿਹਾਲ ਸਿੰਘ, ਸਰਪੰਚ ਜੁਗਰਾਜ ਸਿੰਘ, ਸਰਪੰਚ ਲੱਕੀ ਸਿੰਘ ,ਬਸਪਾ ਦੇ ਨੌਜਵਾਨ ਆਗੂ ਕਸ਼ਮੀਰ ਸਿੰਘ,ਸੇਠ ਪਾਲੀ ਰਾਮ ਭੱਠੇ ਵਾਲੇ ਪ੍ਰਧਾਨ ਗੁਰਜੰਟ ਸਿੰਘ ਦੁੱਲਟ,ਮਾਸਟਰ ਮੁਨੀਸ਼ ਕੁਮਾਰ,ਮਦਨ ਲਾਲ ਚੌਧਰੀ,ਛੱਜੂ ਮੱਲ, ਪ੍ਰਧਾਨ ਅੰਮ੍ਰਿਤਪਾਲ ਸਿੰਗਲਾ, ਬੁੱਧ ਰਾਮ ਗਰਗ,ਸਰਪੰਚ ਕਾਲਾ ਭੁੱਲਰ ਸਾਬਕਾ ਸਰਪੰਚ ਜਗਦੇਵ ਸਿੰਘ ਬਹਿਣੀਵਾਲ ਪਿੰਡੀ ਕੇਹਰ ਸਿੰਘ ਵਾਲਾ,ਸਰਪੰਚ ਸੁਖਵਿੰਦਰ ਸਿੰਘ ਚਹਿਲ,ਸਮਾਜ ਸੇਵਕ ਜੱਗੀ ਗਿੱਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਪਵਨ ਕੁਮਾਰ ਬਬਲਾ, ਨੌਜਵਾਨ ਕਿਸਾਨ ਆਗੂ ਲਖਵਿੰਦਰ ਸਿੰਘ ਭਾਲ , ਡਾ. ਰਾਜਿੰਦਰ ਸਿੰਘ ਠੀਕਰੀਵਾਲਾ, ਸੇਠ ਰਿੰਕੂ ਗਰਗ, ਸੇਠ ਲੱਕੀ ਗਰਗ, ਸੇਠ ਕਿਣਕ ਲਾਲ,ਚਮਕੌਰ ਸਿੰਘ ਪੀਏ, ਬਾਲਕ੍ਰਿਸ਼ਨ, ਸ੍ਰੀ ਭੀਮ ਸੈਨ, ਆਪ ਨੇਤਾ ਨੀਟੂ ਸ਼ਰਮਾ, ਜਥੇਦਾਰ ਸੁਰਜੀਤ ਸਿੰਘ ਦੁੱਲਟ, ਸਾਬਕਾ ਸਰਪੰਚ ਬੁੱਧ ਸਿੰਘ, ਸੁਰਜੀਤ ਸਿੰਘ ਮੱਸੇਕਾ ਸਾਬਕਾ ਸਰਪੰਚ ਹੈਪੀ ਮੰਡੇਰ, ਸਮਾਜ ਸੇਵੀ ਕਾਲਾ ਮਿੱਤਲ,,ਸਮਾਜ ਸੇਵਕ ਸੰਜੇ ਪਾਲ, ਸੀਨੀਅਰ ਭਾਜਪਾ ਆਗੂ ਡਾ. ਕੇਵਲ ਚੰਦ ਧੌਲਾ,ਭਾਜਪਾ ਦੇ ਨੌਜਵਾਨ ਆਗੂ ਸੁਮਿਤ ਮੰਗਲਾ, ਨਗਰ ਕੌਂਸਲ ਲੌਂਗੋਵਾਲ ਦੇ ਕਲਰਕ ਦਰਸ਼ਨ ਸਿੰਘ, ਸਤਵੀਰ ਸਿੰਘ,ਮੇਜਰ ਸਿੰਘ,ਰਾਜੀਵ ਕੁਮਾਰ ਸੁਪਰਵਾਈਜ਼ਰ ਬਲਕਾਰ ਸਿੰਘ, ਤਰਕਸ਼ੀਲ ਆਗੂ ਕਮਲਜੀਤ ਵਿੱਕੀ, ਜੁਝਾਰ ਲੌਂਗੋਵਾਲ, ਪੱਤਰਕਾਰ ਮੱਖਣ ਸਿੰਘ ਸਾਹਪੁਰ,ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਆਗੂ ਲਖਵੀਰ ਸਿੰਘ ਤੇ ਲੌਂਗੋਵਾਲ ਤੇ ਕਸ਼ਬੇ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਭਾਈ ਦਲਵਿੰਦਰ ਸਿੰਘ ਅੱਪਰਾ ਦੁਆਰਾ ਖਾਲਸਾ ਸਿਰਜਣਾ ਦਿਵਸ ਮੌਕੇ ਕਥਾ ਦੀ ਹਾਜ਼ਰੀ 13 ਨੂੰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ (ਦੀਪਾ)-ਭਾਈ ਦਲਵਿੰਦਰ ਸਿੰਘ ਅੱਪਰਾ ਦੁਆਰਾ ਖਾਲਸਾ ਸਿਰਜਣਾ ਦਿਵਸ ਮੌਕੇ ਕਥਾ ਦੀ ਹਾਜ਼ਰੀ 13 ਅਪ੍ਰੈਲ ਨੂੰ ਲਗਾਈ ਜਾ ਰਹੀ ਹੈ | ਇਸ ਮੌਕੇ ਭਾਈ ਦਲਵਿੰਦਰ ਸਿੰਘ ਅੱਪਰਾ ਗੁਰੂਦੁਆਰਾ ਸ਼ਹੀਦ ਬਾਬਾ ਦਲੇਲ ਸਿੰਘ ਨਗਰ ਵਿਖੇ ਸਵੇਰੇ 10 ਵਜੇ ਤੋਂ ਲੈ ਕੇ 11-15 ਤੱਕ ਤੇ ਗੁਰੂਦੁਆਰਾ ਬਾਬਾ ਹਰਦਿਆਲ ਸਿੰਘ ਜੀ ਪਿੰਡ ਥਲਾ ਵਿਖੇ ਸਵੇਰੇ 11-30 ਤੋਂ ਲੈ ਕੇ 1 ਵਜੇ ਤੱਕ ਹਾਜ਼ਰ ਲਗਵਾਉਣਗੇ



# ਆਸ਼ਾ ਵਰਕਰ ਤੇ ਫੈਸੀਲੀਟੇਟਰ ਯੂਨੀਅਨ (ਸੀਟੂ) ਦੀ ਹੋਈ ਸੂਬਾ ਪੱਧਰੀ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,11 ਅਪ੍ਰੈਲ (ਜਗਸੀਰ ਲੌਂਗੋਵਾਲ) - ਆਸ਼ਾ ਵਰਕਰ ਅਤੇ ਫੈਸੀਲੀਟੇਟਰ ਯੂਨੀਅਨ (ਸੀਟੂ) ਦੀ ਸੂਬਾ ਪੱਧਰੀ ਮੀਟਿੰਗ ਸਥਾਨਕ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਹੋਈ ਜਿਸ ਵਿੱਚ ਸੀਟੂ ਦੇ ਸੂਬਾਈ ਆਗੂ ਕਾਮਰੇਡ ਚੰਦਰਸ਼ੇਖਰ,ਕਾਮਰੇਡ ਮਹਾਂ ਸਿੰਘ ਰੋੜੀ, ਕਾਮਰੇਡ ਸੁੱਚਾ ਸਿੰਘ ਅਜਨਾਲਾ ਅਤੇ ਕਾਮਰੇਡ ਗੁਰਦੇਵ ਸਿੰਘ ਬਾਗੀ ਵੀ ਉਚੇਚੇ ਤੌਰ ਤੇ ਸ਼ਾਮਿਲ ਹੋਏ।ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੀ ਜਾ ਰਹੀ ਗਲਤ ਬਿਆਨਬਾਜ਼ੀ ਦੀ ਪ੍ਰਵਾਹ ਨਾ ਕਰਦਿਆਂ ਸੀਟੂ ਵੱਲੋਂ 14 ਅਪ੍ਰੈਲ ਨੂੰ ਪੂਰੇ ਪੰਜਾਬ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਅਤੇ ਉਹਨਾਂ ਦੀ ਦਬੇ ਕੁਚਲੇ ਵਰਗ ਲਈ ਦੇਣ ਨੂੰ ਲੋਕਾਂ ਵਿੱਚ ਲਿਜਾਇਆ ਜਾਵੇਗਾ, ਅੰਬੇਦਕਰ ਵਿਰੋਧੀ ਅਨਸਰਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।ਇਸ ਦੇ ਨਾਲ ਹੀ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਜੋ ਕਿ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਲੜਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਅਤੇ ਹੋਰ ਵੀ ਕੁਰਬਾਨੀਆਂ ਕਰਕੇ ਮਜ਼ਦੂਰਾਂ ਨੂੰ ਉਹਨਾਂ ਦੇ ਹੱਕ ਦਵਾਉਣ ਵਾਲੇ ਯੋਧਿਆਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ, ਇੱਕ ਮਈ ਦਾ ਦਿਨ ਵੀ ਸੀਟੂ ਨਾਲ ਸੰਬੰਧਤ ਸਾਰੀਆਂ ਯੂਨੀਅਨਾਂ ਪੂਰੀ ਤਾਕਤ ਨਾਲ ਮਨਾਉਣਗੀਆਂ।ਇਸ ਦੇ ਨਾਲ ਹੀ ਇਹ ਫੈਸਲਾ ਵੀ ਲਿਆ ਗਿਆ ਕਿ ਆਉਣ ਵਾਲੀ 20 ਮਈ ਨੂੰ ਪੂਰੇ ਭਾਰਤ ਅੰਦਰ ਜੋ ਦੇਸ਼ ਦੀਆਂ ਟਰੇਡ ਯੂਨੀਅਨਾਂ ਵੱਲੋਂ ਕਿਰਤੀ ਕਾਮਿਆਂ ਦੇ ਹੱਕਾਂ ਲਈ ਹੜਤਾਲ ਕੀਤੀ ਜਾ ਰਹੀ ਹੈ ਉਸ ਹੜਤਾਲ ਵਿੱਚ ਵੀ ਵੱਧ ਚੜ੍ਹ ਕੇ ਭਾਗ ਲਿਆ ਜਾਵੇਗਾ ਅਤੇ ਹੜਤਾਲ ਨੂੰ ਕਾਮਯਾਬ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਆਸ਼ਾ ਵਰਕਰ ਅਤੇ ਫੈਸੀਲੀਟੇਟਰ ਯੂਨੀਅਨ ਪੰਜਾਬ ਦੀ ਪ੍ਰਧਾਨ ਸਰੋਜ ਬਾਲਾ,ਜਨਰਲ ਸਕੱਤਰ ਕਾਮਰੇਡ ਸੁਰਜਿੰਦਰ ਕੌਰ ਸੀਮਾ, ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਕੌਰ, ਜਸਵਿੰਦਰ ਕੌਰ,ਬਬੀਤਾ ਰਾਣੀ,ਹਰਮਨ ਕੌਰ, ਕਮਲੇਸ਼ ਕੌਰ ਮੋਹਾਲੀ,ਪਰਵੀਨ ਕੌਰ, ਹਰਦੀਪ ਕੌਰ,ਅਤੇ ਪਰਮਜੀਤ ਕੌਰ ਹੁਸ਼ਿਆਰਪੁਰ ਆਦਿ ਹਾਜ਼ਰ ਸਨ।

# ਅਣ-ਅਧਿਕਾਰਤ ਤੌਰ 'ਤੇ ਸੀਮਨ ਦਾ ਭੰਡਾਰ ਕਰਨ, ਟਰਾਂਸਪੋਰਟੇਸ਼ਨ ਅਤੇ ਵਰਤਣ ਜਾਂ ਵੇਚਣ 'ਤੇ ਪਾਬੰਦੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ, 10 ਅਪ੍ਰੈਲ : (ਆਤਮਾ ਸਿੰਘ ਪਮਾਰ) ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਆਕਾਸ਼ ਬਾਂਸਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਸੀਮਨ ਦਾ ਅਣ-ਅਧਿਕਾਰਤ ਤੌਰ 'ਤੇ ਭੰਡਾਰ ਕਰਨਾ, ਟਰਾਂਸਪੋਰਟੇਸ਼ਨ ਕਰਨਾ, ਵਰਤਣ ਜਾਂ ਵੇਚੇ ਜਾ ਰਹੇ ਸੀਮਨ ਨੂੰ ਰੋਕਣ ਲਈ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।

ਉਨ੍ਹਾਂ ਕਿਹਾ ਕਿ ਵਿੱਤੀ ਕਮਿਸ਼ਨਰ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਵੱਲੋਂ ਪ੍ਰਾਪਤ ਹੋਏ ਹੁਕਮਾਂ ਅਨੁਸਾਰ ਵੱਖ-ਵੱਖ ਥਾਵਾਂ 'ਤੇ ਸੀਮਨ ਨਕਲੀ ਅਤੇ ਅਣ-ਅਧਿਕਾਰਤ ਤੌਰ 'ਤੇ ਵੇਚੇ ਜਾਂ ਖਰੀਦੇ ਜਾ ਰਹੇ ਹਨ, ਜਦੋਂ ਕਿ ਸੀਮਨ ਦੀ ਗਲਤ ਵਰਤੋਂ ਕਰਨਾ ਰਾਜ ਦੀ ਬਰੀਡਿੰਗ ਪਾਲਿਸੀ ਅਨੁਸਾਰ ਉਚਿੱਤ ਨਹੀਂ ਹੈ ਕਿਉਂਕਿ ਅਜਿਹਾ ਕਰਨ ਨਾਲ ਰਾਜ ਦੀ ਪਸ਼ੂ ਧਨ ਦੀ ਨਸਲ ਖ਼ਰਾਬ ਹੋਣ ਦਾ ਖ਼ਤਰਾ ਹੈ ਕਿਉਂਕਿ ਅਜਿਹੇ ਸੀਮਨ ਦੀ ਪੈਡਿਗਰੀ ਬਾਰੇ ਕੁੱਝ ਪਤਾ ਨਹੀਂ ਹੁੰਦਾ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪਸ਼ੂ ਧਨ ਦੀ ਪ੍ਰੋਡਕਟੀਵਿਟੀ 'ਤੇ ਵੀ ਮਾੜਾ ਅਸਰ ਪੈ ਸਕਦਾ ਹੈ ਅਤੇ ਇਸ ਦਾ ਅਸਰ ਤੁਰੰਤ ਪਤਾ ਨਹੀਂ ਲੱਗ ਸਕਦਾ ਬਲਕਿ ਆਉਣ ਵਾਲੇ ਸਮੇਂ ਵਿੱਚ ਇਸ ਦਾ ਅਸਰ ਦਿਖੇਗਾ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਵਿਭਾਗ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਪਸ਼ੂਆਂ ਦੀ ਨਸਲ ਸੁਧਾਰ ਲਈ ਕੀਤੇ ਜਾਣ ਵਾਲੇ ਸਮੁੱਚੇ ਉਪਰਾਲੇ ਬੇਕਾਰ ਹੋ ਜਾਣਗੇ।

# ਪੱਤਰਕਾਰ ਗੁਰਜੰਟ ਸਿੰਘ ਬਾਜੇ ਵਾਲਾ ਨੂੰ ਵੱਖ ਵੱਖ ਸੰਸਥਾਵਾਂ, ਜੱਥੇਬੰਦੀਆਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com







ਮਾ ਨ ਸਾ / ਬੁ ਨੀ ਰ 11ਅਪਰੈਲ (ਆਤਮਾ ਸਿੰਘ ਪਮਾਰ) ਪਿਛਲੇ ਦਿਨੀਂ ਦਿਲ ਦੀ ਗੰਭੀਰ ਬਿਮਾਰੀ ਤੋਂ ਪੀੜਤ ਸ.ਗੁਰਜੰਟ ਸਿੰਘ ਬਾਜੇਵਾਲਾ ਪੱਤਰਕਾਰ( 55) ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਮਿੱਤਰ ਦੋਸਤਾਂ ਨੂੰ ਵਿਲਕਦਿਆਂ ਛੱਡ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨਮਿਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਪਰਿਵਾਰ ਵੱਲੋਂ ਅੱਜ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਗਈ। ਇਸ ਸਮੇਂ ਵੱਖ ਵੱਖ ਆਗੂਆਂ ਵੱਲੋਂ ਸ.ਗੁਰਜੰਟ ਸਿੰਘ ਨੂੰ ਭਾਵ ਭਿੰਨੀਆ ਸ਼ਰਧਾਂਜਲੀਆਂ ਵੀ ਅਰਪਿਤ ਕੀਤੀਆਂ ਗਈਆਂ।ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਡੇਰਾ ਬਾਬਾ ਹੱਤਕਾਲਾ ਦੇ ਮੁੱਖ ਸੇਵਾਦਾਰ ਕੇਵਲ ਦਾਸ ਅਤੇ ਮਾਨਸਾ ਉੱਘੇ ਸਮਾਜ ਸੇਵੀ

ਡਾ. ਜਨਕ ਰਾਜ ਸਿੰਗਲਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਗੁਰਜੰਟ ਸਿੰਘ ਜਿੱਥੇ ਇੱਕ ਨਿਰਪੱਖ ਪੱਤਰਕਾਰ ਸਨ ਉੱਥੇ ਇੱਕ ਵਧੀਆ ਮਨੁੱਖ ਵੀ ਸਨ। ਨਿਮਰ ਸੁਭਾਅ ਦੇ ਮਾਲਕ ਬਾਜੇ ਵਾਲਾ ਮਿਲਾਪੜੇ, ਖੁਸ਼ਮਿਜ਼ਾਜ ਅਤੇ ਹਰ ਸਮੇ ਹੱਸੂ ਹੱਸੂ ਕਰਦੇ ਚਿਹਰੇ ਵਾਲੇ ਇਨਸਾਨ ਸਨ। ਇਸ ਸਮੇਂ ਬੁਲਾਰਿਆਂ ਨੇ ਮਿਲ ਰਹੀਆਂ ਮਜੌਦਾ ਸਿਹਤ ਸਹੂਲਤਾਂ ਦੀ ਅਣਹੋਂਦ ਅਤੇ ਸਰਕਾਰ ਦੀ ਸੁਹਿਰਦਤਾ ਤੋਂ ਇਲਾਵਾ ਗੰਭੀਰ ਰੋਗਾਂ ਦੇ ਸਹੀ ਇਲਾਜ ਨੂੰ ਅਣਗੌਲਿਆਂ ਕਰਨ ਲਈ ਸਰਕਾਰ ਦੀ ਅਲੋਚਨਾ ਵੀ ਕੀਤੀ। ਇਸ ਸਮੇਂ ਆਗੂਆਂ ਨੇ ਪ੍ਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਅਤੇ ਗੁਰਜੰਟ ਸਿੰਘ ਆਪਣੇ ਚਰਨਾਂ 'ਚ ਜਗ੍ਹਾ ਦੇਣ ਦੀ ਪ੍ਰਾਰਥਨਾ ਵੀ ਕੀਤੀ।ਇਸ ਸਮੇਂ ਉਹਨਾਂ ਦੇ ਛੋਟੇ ਭਰਾ ਪੱਤਰਕਾਰ ਗੁਰਜੀਤ ਸਿੰਘ ਸੀਂਹ ਨੇ ਹਾਜ਼ਰੀਨ ਰਿਸ਼ਤੇਦਾਰਾਂ, ਮਿੱਤਰਾਂ ਦੋਸਤਾਂ ਅਤੇ ਪੱਤਰਕਾਰ ਭਾਈਚਾਰੇ ਦਾ ਇਸ ਦੁੱਖ ਦੀ ਘੜੀ ' ਚ ਪਰਿਵਾਰ ਨਾਲ ਖੜਨ ਲਈ ਧੰਨਵਾਦ ਵੀ ਕੀਤਾ। ਮੰਚ ਸੰਚਾਲਨ ਦੀ ਜਿੰਮੇਵਾਰੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਸੋਢੀ ਵੱਲੋਂ ਬਾਖੂਬੀ ਨਿਭਾਈ ਗਈ। ਸ਼ਰਧਾਂਜਲੀ ਸਮਾਗਮ ਦੌਰਾਨ , ਡੇਰਾ ਸੱਚਾ ਸੌਦਾ ਸਿਰਸਾ ਦੇ 85 ਮੈਂਬਰ ਅਤੇ ਹਮੀਰ ਸਿੰਘ, ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ, ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ, ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਕਾਂਗਰਸ ਪਾਰਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ, ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਮਾਖਾ, ਗਮਾਡਾ ਪੰਜਾਬ ਦੇ ਡਾਇਰੈਕਟਰ ਸੁਖਵਿੰਦਰ ਸਿੰਘ ਭੋਲਾ ਮਾਨ, ਆਮ ਆਦਮੀ ਪਾਰਟੀ ਦਫਤਰ ਮਾਨਸਾ ਦੇ ਇੰਚਾਰਜ ਗੁਰਮੀਤ ਸਿੰਘ ਖੁਰਮੀ, ਭਾਰਤੀ ਕਿਸਾਨ ਯੂਨੀਅਨ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਜੌੜਕੀਆਂ, ਬੀਕੇਯੂ ਉਗਰਾਹਾਂ ਦੇ ਸੀਨੀਅਰ ਆਗੂ ਉੱਤਮ ਸਿੰਘ ਰਾਮਾਨੰਦੀ, ਭਾਰਤੀ ਕਿਸਾਨ ਯੂਨੀਅਨ ਮਾਲਵਾ ਦੇ ਆਗੂ ਜਸ ਸਿੰਘ ਪਿਪਲੀ, ਬੀਜੇਪੀ ਹਲਕਾ ਮੌੜ ਅਮਨਦੀਪ ਸਿੰਘ ਸਿੱਧੂ,ਜੈ ਜਵਾਨ ਜੈ ਕਿਸਾਨ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਦਲੀਏਵਾਲੀ, ਜਲ ਸਪਲਾਈ ਸੈਨੀਟੇਸ਼ਨ ਵਿਭਾਗ ਸੂਬਾ ਆਗੂ ਬਾਬੂ ਸਿੰਘ ਫਤਿਹਪੁਰ , ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਘੁਰਕਣੀ , ਰਾਮ ਬਾਗ ਚੈਰੀਟੇਬਲ ਸੁਸਾਇਟੀ ਮਾਨਸਾ ਦੇ ਪ੍ਰਧਾਨ ਸੇਠੀ ਸਿੰਘ ਸਰਾਂ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵੰਤ ਸਿੰਘ ਮਾਨ, ਬੀਜੇਪੀ ਦੇ ਹਲਕਾ ਕਨਵੀਨਰ ਜਗਜੀਤ ਸਿੰਘ ਮਿਲਖਾ,ਪੰਜਾਬੀ ਗਾਇਕ ਰੁਪਿੰਦਰ ਰਿੰਪੀ, ਐਡਵੋਕੇਟ ਸਰਪੰਚ ਗੁਰਸੇਵਕ ਸਿੰਘ ਫੱਤਾ ਮਾਲੋਕਾ, ਐਡਵੋਕੇਟ ਵੇਦ ਪ੍ਰਕਾਸ਼ ਸ਼ਰਮਾ, ਸਿਹਤ ਵਿਭਾਗ ਦੇ ਬਲਾਕ ਐਜੂਕੇਟਰ ਤ੍ਰਿਲੋਕ ਸਿੰਘ, ਐਡਵੋਕੇਟ ਦਰਸਨ ਸਿੰਘ ਚਹਿਲ, ਮਾਰਕੀਟ ਕਮੇਟੀ ਮਾਨਸਾ ਦੇ ਸਾਬਕਾ ਚੇਅਰਮੈਨ ਸੁਰਜੀਤ ਸਿੰਘ, ਸਰਪੰਚ ਪੋਹਲੋਜੀਤ ਸਿੰਘ, ਸਰਪੰਚ ਮੇਜਰ ਸਿੰਘ ਭਲਾਈਕੇ, ਸਾਬਕਾ ਸਰਪੰਚ ਜਸ ਭੱਲਣਵਾੜਾ, ਪੱਤਰਕਾਰ ਭਾਈਚਾਰਾ ਰਿਸ਼ਤੇਦਾਰ ਅਤੇ ਮਿੱਤਰ ਦੋਸਤਾਂ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਵੀ ਹਾਜ਼ਰ ਸਨ।

# ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਹੋਰ ਮਜ਼ਬੂਤੀ ਵੱਲ ਵਧਦੇ ਕਦਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,11 ਅਪ੍ਰੈਲ (ਜਗਸੀਰ ਲੌਂਗੋਵਾਲ) - ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅੱਜ ਭਵਾਨੀਗੜ੍ਹ ਸਬ ਡਵੀਜ਼ਨ ਅਧੀਨ ਆਉਂਦੇ ਪਿੰਡ ਰਾਮਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਹਾਈ ਸਕੂਲ ਦੇ ਨਾਲ ਨਾਲ ਬਲਿਆਲ ਦੇ ਸਰਕਾਰੀ ਹਾਈ ਸਕੂਲ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸੂਬੇ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵਿਧਾਨ ਸਭਾ ਹਲਕਾ ਸੰਗਰੂਰ ਅਧੀਨ ਆਉਂਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾ ਰਿਹਾ ਹੈ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰਾ ਵਿੱਚ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ ਤੇ ਪੂਰਾ ਕਰਨ ਲਈ 40 ਲੱਖ ਰੁਪਏ ਗ੍ਰਾਂਟ ਵੱਜੋਂ ਜਾਰੀ ਕੀਤੇ ਗਏ ਹਨ ਜਿਸ ਨਾਲ ਬਕਾਇਆ ਕੰਮ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੂਲ ਨੂੰ ਸਕੂਲ ਆਫ ਹੈਪੀਨੈਸ ਐਲਾਨਿਆ ਗਿਆ ਹੈ ਅਤੇ ਇੱਥੇ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਹਰ ਸੁਵਿਧਾ ਨੂੰ ਯਕੀਨੀ ਬਣਾਇਆ ਜਾਵੇਗਾ। ਉਹਨਾਂ ਦੱਸਿਆ ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਰਾਮਪੁਰਾ ਵਿੱਚ 1.20 ਲੱਖ ਅਤੇ ਸਰਕਾਰੀ ਹਾਈ ਸਕੂਲ ਬਲਿਆਲ ਵਿੱਚ 3 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੋਸ਼ਨ ਕਰਨ ਲਈ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਜਾ ਰਹੀ ਹੈ ਉੱਥੇ ਹੀ ਪੰਜਾਬ ਵਿੱਚੋਂ ਨਸ਼ਿਆਂ ਦੇ ਕਾਲੇ ਕਾਰੋਬਾਰ ਦਾ ਮੁਕੰਮਲ ਤੌਰ ਤੇ ਸਫਾਇਆ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵੀ ਜੋਸ਼ੋ ਖਰੋਸ਼ ਨਾਲ ਚੱਲ ਰਹੀ ਹੈ। ਉਹਨਾਂ ਕਿਹਾ ਕਿ ਇਸ ਸਮਾਜਿਕ ਕੋਹੜ ਨੂੰ ਮੁਕੰਮਲ ਤੌਰ ਤੇ ਖਤਮ ਕਰਨ ਲਈ ਪੰਜਾਬ ਦੇ ਹਰੇਕ ਨਾਗਰਿਕ ਦਾ ਸਰਗਰਮ ਯੋਗਦਾਨ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਸਰਕਾਰ ਇਸ ਮਸਲੇ ਉੱਤੇ ਪੂਰੀ ਸਖਤੀ ਕਰ ਰਹੀ ਹੈ ਅਤੇ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾ ਰਿਹਾ ਹੈ ਤੇ ਨਸ਼ਿਆਂ ਦੀ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਉੱਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਸੀਂ ਹਲਕਾ ਸੰਗਰੂਰ ਦੇ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕਰ ਰਹੇ ਹਾਂ ਅਤੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਉਹਨਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਅਨੇਕਾਂ ਹੋਰ ਲੋਕ ਪੱਖੀ ਪ੍ਰੋਜੈਕਟ ਹਲਕਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ।

ਇਸ ਮੌਕੇ ਸਕੂਲੀ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਅਤੇ ਸਕੂਲ ਮੁਖੀਆਂ ਨੇ ਸਕੂਲਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

# ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦਾ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਨਾਮ ਊਧਮ ਸਿੰਘ ਵਾਲਾ, 11 ਅਪ੍ਰੈਲ (ਜਗਸੀਰ ਲੌਂਗੋਵਾਲ) - ਜ਼ਿਲ੍ਹਾ ਸੰਗਰੂਰ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਜਿੰਦਲ, ਜਨਰਲ ਸਕੱਤਰ ਰਾਜੀਵ ਜੈਨ ਅਤੇ ਕੈਸ਼ੀਅਰ ਸਤੀਸ਼ ਸਿੰਗਲਾ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਡੀਸੀ ਸੰਦੀਪ ਰਿਸ਼ੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਅਧਿਕਾਰੀਆਂ ਨੇ ਡੀਸੀ ਸੰਦੀਪ ਰਿਸ਼ੀ ਨੂੰ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਐਸੋਸੀਏਸ਼ਨ ਨਸ਼ਿਆਂ ਵਿਰੁੱਧ ਮੁਹਿੰਮ ਸਰਕਾਰ ਦੀ ਜੰਗ ਨਾਲ ਚੱਟਾਨ ਵਾਂਗ ਖੜ੍ਹੀ ਹੈ। ਐਸੋਸੀਏਸ਼ਨ ਕਿਸੇ ਵੀ ਕੈਮਿਸਟ ਦਾ ਸਮਰਥਨ ਨਹੀਂ ਕਰਦੀ ਜੋ ਗਲਤ ਕੰਮ ਕਰਦਾ ਹੈ। ਡੀਸੀ ਸੰਦੀਪ ਰਿਸ਼ੀ ਨੇ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾ ਕੈਮਿਸਟ ਐਸੋਸੀਏਸ਼ਨ ਦਾ ਸਮਰਥਨ ਮਿਲਿਆ ਹੈ। ਕੋਵਿਡ ਦੌਰਾਨ ਕੈਮਿਸਟਾਂ ਨੇ ਪੂਰਾ ਸਮਰਥਨ ਦਿੱਤਾ ਸੀ। ਸਮਾਜ ਸੇਵਾ ਦੇ ਕੰਮਾਂ ਵਿੱਚ ਕੈਮਿਸਟਾਂ ਦਾ ਯੋਗਦਾਨ ਵੀ ਸ਼ਲਾਘਾਯੋਗ ਹੈ। ਕੈਮਿਸਟ ਮੈਡੀਕਲ ਜਾਂਚ ਕੈਂਪਾਂ, ਖੂਨਦਾਨ ਕੈਂਪਾਂ ਅਤੇ ਵਾਤਾਵਰਣ ਸੰਭਾਲ ਮੁਹਿੰਮਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਵੀ ਪੂਰਾ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਵਜੋਂ ਵਰਤੇ ਜਾਣ ਵਾਲੇ ਨਸ਼ਿਆਂ ਦੀ ਵਿਕਰੀ ਨੂੰ ਰੋਕਣ ਲਈ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਐਸੋਸੀਏਸ਼ਨ ਦੇ ਨੁਮਾਇੰਦੇ ਅਜਾਇਬ ਸੈਣੀ, ਤਰਲੋਕ ਗੋਇਲ, ਦੀਪਕ ਮਿੱਤਲ, ਬਲਵਿੰਦਰ ਸਿੰਘ, ਹਿਮਾਂਸ਼ੂ ਜਿੰਦਲ ਮੌਜੂਦ ਸਨ।

# ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਸਰਵੈਲੇਂਸ ਕਮੇਟੀ ਦੀ ਹੋਈ ਮੀਟਿੰਗ

## ਸੰਚਾਰੀ ਬਿਮਾਰੀਆਂ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕੀਤੇ ਜਾਣ— ਸੰਦੀਪ ਰਿਸ਼ੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਸੰਗਰੂਰ, 11 ਅਪ੍ਰੈਲ (ਜਗਸੀਰ ਲੌਂਗੋਵਾਲ)- ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਪ੍ਰਧਾਨਗੀ ਹੇਠ ਸੰਚਾਰੀ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਸਰਵੇਲੈਂਸ ਕਮੇਟੀ ਦੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਡਿਪਟੀ ਕਮਿਸ਼ਨਰ ਵੱਲੋਂ ਕਿਸੇ ਵੀ ਤਰ੍ਹਾਂ ਦੇ ਆਉਟਬਰੇਕ ਨੂੰ ਰੋਕਣ ਲਈ ਸਮੂਹ ਵਿਭਾਗਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।

ਸ੍ਰੀ ਸੰਦੀਪ ਰਿਸ਼ੀ ਨੇ ਭਵਿੱਖ ਵਿੱਚ ਗਰਮੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਅਤੇ ਕਿਸੇ ਵੀ ਆਉਟਬਰੇਕ ਨਾਲ ਨਜ਼ਿੱਠਣ ਲਈ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਕਿ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਸਿਹਤ ਸਿੱਖਿਆ ਦਿੱਤੀ ਜਾਵੇ। ਜਿਲ੍ਹਾ ਸੰਗਰੂਰ ਅਧੀਨ ਆਂਉਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿਖੇ ਸਾਰੇ ਪੁਖਤਾ ਪ੍ਰਬੰਧ ਕੀਤੇ ਜਾਣ ਅਤੇ ਓ.ਆਰ.ਐਸ., ਕਲੋਰੀਨ ਦੀਆਂ ਗੋਲੀਆਂ ਅਤੇ ਆਈ.ਵੀ. ਫਲੀਉਡ ਦਾ ਸਟਾਕ ਪੂਰਾ ਰੱਖਿਆ ਜਾਵੇ। ਉਨ੍ਹਾਂ ਵਾਟਰ ਸਪਲਾਈ ਅਤੇ ਸੀਵਰੇਜ਼ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਸੀਵਰੇਜ਼ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਕੋਈ ਲੀਕੇਜ਼ ਹੈ ਤਾਂ ਉਸਨੂੰ ਤੁਰੰਤ ਠੀਕ ਕੀਤਾ ਜਾਵੇ। ਉਨ੍ਹਾਂ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਹਦਾਇਤ ਕੀਤੀ ਕਿ ਲੋਕਾਂ ਦੇ ਪੀਣ ਵਾਲੇ ਪਾਣੀ ਨੂੰ ਕਲੋਰੀਨੇਟ ਕਰਕੇ ਪਾਣੀ ਦੀ ਸਪਲਾਈ ਕਰਨੀ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਪਸ਼ੂ ਪਾਲਣ ਵਿਭਾਗ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜਿਲ੍ਹੇ ‘ਚ ਜੂਨੋਟਿਕ ਬਿਮਾਰੀਆਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਧ ਤੋ ਵੱਧ ਜਾਗਰੂਕਤਾ ਕੈਂਪ ਲਗਾਏ ਜਾਣ।ਉਨ੍ਹਾਂ ਸਮੂਹ ਈ.ਓਜ਼ ਨੂੰ ਨਿਰਦੇਸ਼ ਜਾਰੀ ਕੀਤੇ ਕਿ ਉਹ ਆਪਣੇ ਏਰੀਏ ਵਿੱਚ ਜਿਥੇ ਵੀ ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਦੀ ਪਾਈਪ ਦੀ ਲੀਕੇਜ਼ ਪਾਈ ਜਾਂਦੀ ਹੈ ਤਾਂ ਉਸ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਅਤੇ ਆਪਣੇ ਏਰੀਏ ਵਿੱਚ ਸਾਫ ਸਫਾਈ ਦਾ ਖਾਸ ਪ੍ਰਬੰਧ ਰੱਖਿਆ ਜਾਵੇ।

ਸਿਵਲ ਸਰਜਨ ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕਤਾ ਹਿੱਤ ਵਿਭਾਗੀ ਟੀਮਾਂ ਘਰ ਘਰ ਵਿਜਿਟ ਕਰ ਰਹੀਆਂ ਹਨ। ਇਸ ਤੋਂ ਇਲਾਵਾ ਵੱਖ ਵੱਖ ਸੰਚਾਰ ਮਾਧਿਅਮਾਂ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਵਿਨੋਦ ਕੁਮਾਰ, ਜ਼ਿਲ੍ਹਾ ਤਪਦਿਕ ਅਫ਼ਸਰ ਡਾ. ਨੈਨਸੀ, ਜ਼ਿਲਾ ਐਪੀਡਿਮਾਲੋਜਿਸਟ ਡਾ. ਉਪਾਸਨਾ ਬਿੰਦਰਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਲਾਇੰਸ ਰੀਜਨਲ ਕਾਨਫਰੰਸ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com






ਸੁਨਾਮ ਊਧਮ ਸਿੰਘ ਵਾਲਾ,11 ਅਪ੍ਰੈਲ (ਜਗਸੀਰ ਲੌਂਗੋਵਾਲ)- ਰੀਜਨ ਚੇਅਰਮੈਨ ਲਾਇਨ ਸੰਜੀਵ ਮੈਨਨ ਵੱਲੋਂ ਕਰਵਾਈ ਗਈ ਲਾਇੰਸ ਰੀਜਨਲ ਕਾਨਫਰੰਸ ਇਕ ਇਤਿਹਾਸਕ ਸਮਾਗਮ ਸਾਬਤ ਹੋਇਆ। ਇਸ ਕਾਨਫਰੰਸ ਵਿੱਚ ਨਾ ਸਿਰਫ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਦੀ ਪ੍ਰਗਤੀ ‘ਤੇ ਚਰਚਾ ਹੋਈ, ਸਗੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਸੇਵਾ ਕੰਮਾਂ ਦੀ ਯੋਜਨਾ ਵੀ ਤੈਅ ਕੀਤੀ ਗਈ। ਇਹ ਪ੍ਰੋਗਰਾਮ ਬੇਮਿਸਾਲ ਅਤੇ ਕਾਬਿਲੇ-ਤਾਰੀਫ਼ ਰਿਹਾ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਜੀ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ਾਨ ਵਧਾਈ ਐਮ.ਜੇ.ਐਫ. ਲਾਇਨ ਰਵਿੰਦਰ ਸੱਗਰ (ਡਿਸਟ੍ਰਿਕਟ ਗਵਰਨਰ), ਪੀ.ਐਮ.ਜੇ.ਐਫ. ਲਾਇਨ ਅਮ੍ਰਿਤਪਾਲ ਐਸ. ਜੰਡੂ (ਪਹਿਲੇ ਵੀਡੀਜੀ), ਐਮ.ਜੇ.ਐਫ. ਲਾਇਨ ਅਜੈ ਗੋਇਲ (ਦੂਜੇ ਵੀਡੀਜੀ), ਡੀ.ਸੀ.ਐਸ. ਜਤਿੰਦਰ ਵਰਮਾ, ਡੀ.ਪੀ.ਆਰ.ਓ. ਪਵਨ ਗੋਇਲ ਅਤੇ ਹੋਰ ਕਈ ਮਾਣਯੋਗ ਮਹਿਮਾਨਾਂ ਨੇ ਖਾਸ ਮਹਿਮਾਨਾਂ ਵਿੱਚ ਲਾਇਨ ਪੀ.ਐਮ.ਜੀ. ਨਕੇਸ਼ ਗਰਗ ਪੀ.ਡੀ.ਜੀ., ਲਾਇਨ ਕੇ.ਐਸ. ਸੋਹਿਲ ਪੀ.ਡੀ.ਜੀ., ਲਾਇਨ ਡਾ. ਮਨਮੋਹਨ ਕੌਸ਼ਲ ਪੀ.ਡੀ.ਜੀ., ਲਾਇਨ ਹਰੀਸ਼ ਦੁਆ ਪੀ.ਡੀ.ਜੀ., ਲਾਇਨ ਡੀ.ਕੇ. ਸੂਦ ਪੀ.ਡੀ.ਜੀ., ਲਾਇਨ ਜੀ.ਐਸ. ਕਾਲਰਾ (ਆਈ.ਪੀ.ਡੀ.ਜੀ.), ਲਾਇਨ ਨਰੇਸ਼ ਗੋਇਲ (ਭਵਿੱਖ ਦੇ ਉਮੀਦਵਾਰ) ਆਦਿ ਸ਼ਾਮਲ ਰਹੇ ਸਮਾਗਮ ਦੇ ਸਫਲ ਆਯੋਜਨ ਵਿੱਚ ਲਾਇਨ ਨਿਸ਼ਾਨ ਐਸ. ਟੋਨੀ (ਫੰਕਸ਼ਨ ਆਯੋਜਕ), ਲਾਇਨ ਮਨਿੰਦਰ ਸਿੰਘ ਲਖਮੀਰਵਾਲਾ (ਫੰਕਸ਼ਨ ਚੇਅਰਮੈਨ), ਲਾਇਨ ਪਰਵੀਨ ਗਰਗ (ਫੰਕਸ਼ਨ ਪ੍ਰਬੰਧਕ), ਲਾਇਨ ਜਸਪਾਲ ਸਿੰਘ (ਸੰਯੋਜਕ), ਲਾਇਨ ਕਰਣ ਗੋਇਲ (ਸਹ-ਚੇਅਰਮੈਨ), ਲਾਇਨ ਪ੍ਰੇਮ ਗੁਪਤਾ (ਸਹ-ਪ੍ਰਬੰਧਕ), ਲਾਇਨ ਗੁਰਿੰਦਰਜੀਤ ਧਾਲੀਵਾਲ (ਸਹ-ਆਯੋਜਕ), ਲਾਇਨ ਕਰੁਣ ਬੰਸਲ (ਸਹ-ਸੰਯੋਜਕ) ਨੇ ਮਹੱਤਵਪੂਰਨ ਭੂਮਿਕਾ ਨਿਭਾਈ

ਮਾਸਟਰ ਆਫ ਸੈਰੇਮਨੀ ਲਾਇਨ ਪਰਮਿੰਦਰ ਐਸ. ਜਾਰਜ ਰਹੇ। ਹੋਰ ਸਦਸਿਆਂ ਵਿੱਚ ਲਾਇਨ ਅਸ਼ੋਕ ਗਰਗ ਸੀਏ, ਲਾਇਨ ਡਾ. ਪੁਰਸ਼ੋਤਮ ਸੈਨੀ, ਲਾਇਨ ਮਨਪ੍ਰੀਤ, ਲਾਇਨ ਮਨੀਸ਼ ਮੋਨੂ, ਐਸ. ਜਗਰਾਜ ਸਿੰਘ (ਸੰਭਾਲ), ਲਾਇਨ ਗੁਰਸ਼ਰਨ ਸਿੰਘ ਧਾਲੀਵਾਲ, ਲਾਇਨ ਜਸਵਿੰਦਰ ਐਸ. ਟੂਰ ਹੋਮ ਕਲੱਬ ਦੇ ਮੈਂਬਰ ਆਦਿ ਸ਼ਾਮਲ ਹੋਏ ਰੀਜਨ ਦੀ ਟੀਮ ਦੇ ਮੈਂਬਰਾਂ ਵਿੱਚ ਸ਼ਾਮਲ ਸਨ ਵਾਈਸ ਰੀਜਨ ਚੇਅਰਪਰਸਨ ਲਾਇਨ ਸੁਸ਼ੀਲ ਗੋਇਲ, ਰੀਜਨ ਸਕੱਤਰ ਲਾਇਨ ਮੁਕੇਸ਼ ਨਾਗਪਾਲ, ਰੀਜਨ ਪੀ.ਆਰ.ਓ. ਲਾਇਨ ਕੁਲਵਿੰਦਰ ਐਸ. ਨਾਮਧਾਰੀ ਜੋਨ ਚੇਅਰਮੈਨਜ਼ ਜੋਨ-1: ਐਮਜੇਐਫ ਲਾਇਨ ਕਰਣ ਗੋਇਲ ਜੋਨ-2: ਲਾਇਨ ਵਿਨੋਦ ਦੀਵਾਨ ਜੋਨ-3: ਲਾਇਨ ਰਮਨਦੀਪ ਵਾਲੀਆ ਜੋਨ-4: ਲਾਇਨ ਵੇਦ ਪੇਪਲੀ ਹਿੱਸਾ ਲੈਣ ਵਾਲੇ ਕਲੱਬ: ਲਾਇਨਜ਼ ਕਲੱਬ ਪਾਤੜਾ ਨਿਆਲ, ਪਾਤੜਾ ਰਾਇਲ, ਘੱਗਾ, ਲਹਿਰਾਗਾਗਾ, ਸੰਗਰੂਰ, ਸੰਗਰੂਰ ਰਾਇਲਜ਼, ਸੰਗਰੂਰ ਗ੍ਰੇਟਰ, ਸੰਗਰੂਰ ਮੈਨ, ਮਾਨਸਾ, ਚੀਮਾ, ਸੁਨਾਮ, ਸੁਨਾਮ ਮੈਨ, ਸੁਨਾਮ ਸਿਟੀ, ਸੁਨਾਮ ਪ੍ਰਾਈਮ, ਸੁਨਾਮ ਟਾਪ, ਸੁਨਾਮ ਹੋਮ ਕਲੱਬ ਰਾਇਲਜ਼ ਆਦਿ ਇਨ੍ਹਾਂ 16 ਕਲੱਬਾਂ ਨੇ 100% ਹਾਜ਼ਰੀ ਦਰਜ ਕਰਵਾਈ ਜੋ ਕਿ ਇੱਕ ਵੱਡਾ ਰਿਕਾਰਡ ਹੈ।

# ਵਿਸਾਖੀ ਦਾ ਤਿਉਹਾਰ ਖੁਸ਼ਹਾਲੀ ਦਾ ਪ੍ਰਤੀਕ : ਨੀਤੀ ਤਲਵਾੜ

## *ਵਿਸਾਖੀ ਦਾ ਤਿਉਹਾਰ ਰਵਾਇਤੀ ਢੰਗ ਨਾਲ ਮਨਾਇਆ ਗਿਆ*

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ, 11 ਅਪ੍ਰੈਲ (ਤਰਸੇਮ ਦੀਵਾਨਾ) ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਜਦੋਂ ਖੇਤਾਂ ਵਿੱਚ ਫ਼ਸਲਾਂ ਦੀ ਕਟਾਈ ਹੁੰਦੀ ਹੈ ਤਾਂ ਪੰਜਾਬ ਦਾ ਹਰ ਬੱਚਾ ਇਸਨੂੰ ਦੇਖ ਕੇ ਜੋ ਖੁਸ਼ੀ ਮਹਿਸੂਸ ਕਰਦਾ ਹੈ ਉਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਇਸ ਲਈ ਕਿਸਾਨ ਹਜ਼ਾਰਾਂ ਸੁੰਦਰ ਸੁਪਨਿਆਂ ਨਾਲ ਕਣਕ ਦੀ ਫ਼ਸਲ ਦੇ ਪੱਕਣ ਦੀ ਉਡੀਕ ਕਰਦੇ ਹਨ ਅਤੇ ਜਦੋਂ ਫ਼ਸਲ ਪੱਕ ਜਾਂਦੀ ਹੈ ਤਾਂ ਪੰਜਾਬ ਦੀਆਂ ਔਰਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਦੇ ਨਾਲ-ਨਾਲ ਆਉਣ ਵਾਲੇ ਅਨਾਜ ਦੀ ਪੂਜਾ ਵੀ ਕਰਦੀਆਂ ਹਨ।

ਉਪਰੋਕਤ ਸ਼ਬਦ ਸਾਬਕਾ ਕੌਂਸਲਰ ਨੀਤੀ ਤਲਵਾੜ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹੋਏ ਕਹੇ। ਨੀਤੀ ਤਲਵਾੜ ਨੇ ਕਿਹਾ ਕਿ ਆਧੁਨਿਕ ਯੁੱਗ ਸਾਡੇ ਤਿਉਹਾਰ ਦੀ ਭਾਵਨਾ ਨੂੰ ਪਿੱਛੇ ਛੱਡਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਤਿਉਹਾਰਾਂ ਨੂੰ ਉਨ੍ਹਾਂ ਦੇ ਮੂਲ ਸੁਭਾਅ ਅਤੇ ਸੱਭਿਆਚਾਰ ਅਨੁਸਾਰ ਮਨਾ ਕੇ ਆਧੁਨਿਕ ਯੁੱਗ ਵਿੱਚ ਪ੍ਰਵੇਸ਼ ਕਰੀਏ, ਤਾਂ ਅਸੀਂ ਖੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ ਅਤੇ ਆਧੁਨਿਕ ਯੁੱਗ ਦਾ ਆਨੰਦ ਮਾਣ ਸਕਦੇ ਹਾਂ। ਨੀਤੀ ਤਲਵਾੜ ਨੇ ਕਿਹਾ ਕਿ ਸਾਨੂੰ ਸਾਵਧਾਨ ਰਹਿਣਾ ਪਵੇਗਾ ਤਾਂ ਜੋ ਬਾਹਰੀ ਤਾਕਤਾਂ ਸਾਡੇ ਸੱਭਿਆਚਾਰ ਨਾਲ ਛੇੜਛਾੜ ਨਾ ਕਰਨ ਅਤੇ ਸਾਨੂੰ ਆਪਣੇ ਸਾਰੇ ਤਿਉਹਾਰ ਭਾਰਤੀ ਤਰੀਕੇ ਨਾਲ ਮਨਾਉਣੇ ਚਾਹੀਦੇ ਹਨ। ਇਸ ਮੌਕੇ ਔਰਤਾਂ ਨੇ ਕਣਕ ਦੀ ਫ਼ਸਲ ਦੀ ਪੂਜਾ ਕਰਨ ਦੇ ਨਾਲ-ਨਾਲ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ। ਪ੍ਰੋਗਰਾਮ ਵਿੱਚ ਊਸ਼ਾ ਕਿਰਨ, ਸੀਮਾ ਬੱਗਾ, ਸੋਨੀਆ ਤਲਵਾੜ , ਕ੍ਰਿਸ਼ਨਾ ਥਾਪਰ, ਸੁਖਵਿੰਦਰ ਕੌਰ ਪ੍ਰਿਆ ਸੈਣੀ, ਮੁਸਕਾਨ ਪਰਾਸ਼ਰ, ਬੱਬੂ ਸੈਣੀ, ਸਰਵਜੀਤ ਕੌਰ ਸੋਨੂੰ ਸੈਣੀ ਰੋਜ਼ੀ, ਸਿੰਮੀ ਵਧਾਵਨ, ਹੇਮਾ ਸ਼ਰਮਾ ਆਦਿ ਔਰਤਾਂ ਨੇ ਭਾਗ ਲਿਆ।

# ਖਾਲਸੇ ਦੇ ਜਨਮ ਦਿਵਸ(ਵਿਸਾਖੀ) ਦੇ ਸ਼ੁਭ ਦਿਹਾੜੇ ਤੇ ਮਹਾਨ ਗੁਰਮਤਿ ਸਮਾਗਮ 13 ਅਪ੍ਰੈਲ ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਫਗਵਾੜਾ :- (ਸ਼ਿਵ ਕੌੜਾ) ਗੁਰਦੁਆਰਾ ਸੁਖਚੈਨਆਣਾ ਸਾਹਿਬ ਵਲੋਂ ਖਾਲਸੇ ਦੇ ਜਨਮ ਦਿਵਸ(ਵਿਸਾਖੀ) ਦੇ ਸ਼ੁਭ ਦਿਹਾੜੇ ਤੇ ਮਹਾਨ ਗੁਰਮਤਿ ਸਮਾਗਮ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਫਗਵਾੜਾ ਦੇ ਭਰਭੂਰ ਸਹਿਯੋਗ ਨਾਲ ਦਿਨ 13 ਅਪਰੈਲ 2025 ਐਤਵਾਰ ਨੂੰ ਸਵੇਰੇ 10-00 ਵਜੇ ਤੋਂ ਰਾਤ 9-30 ਵਜੇ ਤੱਕ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ ।ਇਹ ਜਾਣਕਾਰੀ ਦਿੰਦਿਆ ਸ.ਨਰਿੰਦਰ ਸਿੰਘ ਮੈਨੇਜਰ ਗੁਰਦੁਆਰਾ ਸੁਖਚੈਨਆਣਾ ਸਾਹਿਬ ਨੇ ਦੱਸਿਆ ਕਿ ਇਸ ਦਿਨ ਸਵੇਰੇ 10-00 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ । ਇਸ ਸਮਾਗਮ ਵਿੱਚ ਭਾਈ ਜਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਬੀਬੀ ਜਸਪ੍ਰੀਤ ਕੌਰ ਲੁਧਿਆਣੇ ਵਾਲੇ ,ਭਾਈ ਜਸਵਿੰਦਰ ਸਿੰਘ ਛਾਪਾ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ੍ਰੀ ਅਮ੍ਰਿਤਸਰ,ਮੀਰੀ ਪੀਰੀ ਗੁਰਮੀਤ ਸੰਗੀਤ ਅਕੈਡਮੀ, ਭਾਈ ਸਰਬਜੀਤ ਸਿੰਘ ਕਲੇਰ ਢਾਡੀ ਜਥਾ,ਭਾਈ ਗੁਰਜੀਤ ਸਿੰਘ ਭੱਠਲ ਕਵੀਸ਼ਰੀ ਜਥਾ,ਭਾਈ ਕੇਵਲ ਸਿੰਘ ਕਥਾ ਵਾਚਕ, ਭਾਈ ਸਤਿੰਦਰਜੀਤ ਸਿੰਘ ਖਾਲਸਾ , ਭਾਈ ਲਖਵਿੰਦਰ ਸਿੰਘ ਨਿਮਾਣਾ ਢਾਡੀ ਜਥਾ,ਭਾਈ ਹਰਬੰਸ ਸਿੰਘ ਬਿਲਗਾ ਢਾਡੀ ਜਥਾ,ਭਾਈ ਗੁਰਦਿੱਤ ਸਿੰਘ ਫਗਵਾੜੇ,ਭਾਈ ਗੁਰਮੁੱਖ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਗੁਰਦੀਪ ਸਿੰਘ ਪਰੇਮਪੁਰ ,



ਭਾਈ ਸੁੱਚਾ ਸਿੰਘ ਫਗਵਾੜੇ ਵਾਲੇ,ਭਾਈ ਸ਼ਮਸ਼ੇਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੁਖਚੈਨਆਣਾ ਸਾਹਿਬ ਆਦਿ ਜਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਨਗੇ ।ਇਸ ਮੌਕੇ ਸੰਗਤਾਂ ਲਈ ਗੁਰੂ ਕਾ ਲੰਗਰ ਅਟੁੱਟ ਵਰਤੇਗਾ ।

# ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਜਨਮ ਜਯੰਤੀ 14 ਅਪ੍ਰੈਲ ਦਿਨ ਸੋਮਵਾਰ ਨੂੰ ਕੋਟੂ ਚੌਂਕ, ਨੇੜੇ ਮੁਹੱਲਾ ਸ਼ਹਿਰੀਆ ਵਿਖੇ ਮਨਾਇਆ ਜਾਵੇਗਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਐ ਸ . ਸੀ , ਬੀ . ਸੀ ਅਧਿਆਪਕ ਯੂਨੀਅਨ ਅਤੇ ਆਲ ਇੰਡੀਆ ਐਸ.ਸੀ, ਐਸ.ਟੀ ਰੇਲਵੇ ਇਮਪਲੋਈਜ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ ਤੇ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਯੁਗ ਪੁਰਸ਼, ਬੋਧੀਸਤਵ, ਭਾਰਤ ਰਤਨ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਜਨਮ ਜਯੰਤੀ 14 ਅਪ੍ਰੈਲ ਦਿਨ ਸੋਮਵਾਰ ਨੂੰ ਕੋਟੂ ਚੌਂਕ, ਨੇੜੇ ਮੁਹੱਲਾ ਸ਼ਹਿਰੀਆ ਵਿਖੇ ਮਨਾਈ ਜਾ ਰਹੀ ਹੈ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਿਪਟੀ ਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ, ਵਿਸ਼ੇਸ਼ ਮਹਿਮਾਨ ਪਵਨ ਹੰਸ ਉਪ ਚੇਅਰਮੈਨ ਖਾਦੀ ਬੋਰਡ ਅਤੇ ਪੇਂਡੂ ਉਦਯੋਗ ਪੰਜਾਬ ਸਰਕਾਰ ਹੋਣਗੇ। ਮੁੱਖ ਬੁਲਾਰਿਆਂ ਵੱਜੋਂ ਐਸ. ਸੀ,ਬੀ. ਸੀ ਅਧਿਆਪਕ ਯੂਨੀਅਨ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਗਿੱਲ, ਜਨਰਲ ਸਕੱਤਰ ਕੁਸ਼ਲ ਕੁਮਾਰ, ਆਲ ਇੰਡੀਆ ਐਸ. ਸੀ,ਐਸ.ਟੀ ਰੇਲਵੇ ਇਮਪਲੋਈਜ਼ ਐਸੋਸੀਏਸ਼ਨ ਦੇ ਪ੍ਰਧਾਨ ਜੀਤ ਸਿੰਘ ਅਤੇ ਗਿਆਨਸ਼ੀਲ ਪੰਜਾਬ ਬਹੁਜਨ ਕੋ-ਆਰਡੀਨੇਸ਼ਨ ਟੀਮ ਦੇ ਆਗੂ ਹਨ। ਇਸ ਤੋਂ ਇਲਾਵਾ ਪ੍ਰੋਗਰਾਮ ਦਾ ਉਦਘਾਟਨ ਡਾਕਟਰ ਜਸਵੰਤ ਸਿੰਘ ਥਿੰਦ ਕਰਨਗੇ। ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਰਿਟਾਇਰਡ ਤਹਿਸੀਲਦਾਰ ਰਮੇਸ਼ ਕੁਮਾਰ ਪੜ੍ਹਨਗੇ। ਪ੍ਰੋਗਰਾਮ ਦੀ ਪ੍ਰਧਾਨਗੀ ਸੁਆਮੀ ਰਾਜਪਾਲ ਪ੍ਰਧਾਨ ਫੂਲੇ, ਸ਼ਾਹੂ ਅੰਬੇਡਕਰ ਕਲਚਰਲ ਐਂਡ ਲਿਟਰੇਰੀ ਸੋਸਾਇਟੀ ਵੱਲੋਂ ਕੀਤੀ ਜਾਵੇਗੀ। ਸਮੂਹ ਕਪੂਰਥਲਾ ਵਾਸੀਆਂ ਨੂੰ ਇਸ ਸਮਾਗਮ ਵਿੱਚ ਤੌਰ ਤੇ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਆਲ ਇੰਡੀਆ ਐਸ.ਸੀ, ਐਸ. ਟੀ ਰੇਲਵੇ ਇੰਪਲਾਈਜ ਐਸੋਸੀਏਸ਼ਨ ਦੇ ਪ੍ਰਧਾਨ ਜੀਤ ਸਿੰਘ, ਐਸ.ਸੀ, ਬੀ.ਸੀ ਅਧਿਆਪਕ ਯੂਨੀਅਨ ਦੇ ਆਗੂ ਕੁਸ਼ਲ ਕੁਮਾਰ, ਹਰਨੇਕ ਸਿੰਘ ਮਨੋਜ ਕੁਮਾਰ ਅਤੇ ਇੰਜੀਨੀਅਰ ਲਵਦੀਪ ਹਾਜ਼ਰ ਸਨ।

# ਫਾਸ਼ੀਵਾਦੀ ਤਾਕਤਾਂ ਦੇ ਜ਼ਬਰ ਤੇ ਸਰਮਾਏਦਾਰੀ ਪ੍ਰਬੰਧ ਦੀ ਲੁੱਟ ਦੇ ਖ਼ਿਲਾਫ਼ ਮਜ਼ਬੂਤ ਜੱਥੇਬੰਦਕ ਢਾਂਚਾ ਸਮੇਂ ਦੀ ਅਣਸਰਦੀ ਲੋੜ-,,ਚੌਹਾਨ

## ਕਾ. ਤੇਜ਼ਾ ਸਿੰਘ ਸੁਤੰਤਰ ਦੀ ਬਰਸੀ ਮੌਕੇ ਸੰਘਰਸ਼ ਨੂੰ ਤਿੱਖਾ ਕਰਨ ਦਾ ਲਿਆ ਅਹਿਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਮਾਨਸਾ 11ਅਪਰੈਲ (ਆਤਮਾ ਸਿੰਘ ਪਮਾਰ ) ਮੁਜ਼ਾਰਾ ਲਹਿਰ ਦੇ ਮੋਢੀ, ਸੁਤੰਤਰਤਾ ਸੰਗਰਾਮੀ ਤੇ ਸੱਚੇ ਦੇਸ਼ ਭਗਤ, ਗੁਰਦੁਆਰਾ ਸੁਧਾਰ ਲਹਿਰ ਦੇ ਆਗੂ ਅਤੇ ਮਹਾਨ ਕਮਿਊਨਿਸਟ ਕਾਮਰੇਡ ਤੇਜ਼ਾ ਸਿੰਘ ਸੁਤੰਤਰ ਦੀ 52 ਵੀਂ ਬਰਸੀ ਪਿੰਡ ਦਲੇਲ ਸਿੰਘ ਵਾਲਾ ਵਿਖੇ ਕਾ. ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਮਿੱਠੂ ਸਿੰਘ ਭੱਠਲ ਤੇ ਹਰਨੇਕ ਸਿੰਘ ਬੱਪੀਆਣਾ ਦੇ ਪ੍ਰਧਾਨਗੀ ਮੰਡਲ ਹੇਠ ਸਫਲਤਾ ਪੂਰਵਕ ਸੰਪੰਨ ਹੋਈ।

ਬਰਸੀ ਮੌਕੇ ਸ਼ਾਮਲ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਦੌਰ ‘ਚ ਫਾਸ਼ੀਵਾਦੀ ਤਾਕਤਾਂ ਦੇ ਜ਼ਬਰ ਤੇ ਸਰਮਾਏਦਾਰੀ ਪ੍ਰਬੰਧ ਦੀ ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਮਜ਼ਬੂਤ ਜੱਥੇਬੰਦਕ ਢਾਂਚਾ ਸਮੇਂ ਦੀ ਅਣਸਰਦੀ ਲੋੜ ਬਣਦੀ ਜਾ ਰਹੀ ਹੈ, ਕਿਉਂਕਿ ਕਾਰਨ ਸਪੱਸ਼ਟ ਹੈ ਕਿ ਧਾਰਮਿਕ, ਸਮਾਜਿਕ, ਤੇ ਜਾਤੀ ਫੁੱਟ ਦਾ ਬੋਲਬਾਲਾ ਪੂਰੀ ਤਰ੍ਹਾਂ ਸਿਰ ਚੜ੍ਹ ਕੇ ਬੋਲ ਰਿਹਾ ਹੈ ਜੋਂ ਚੰਗੇ ਸਮਾਜ ਦੀ ਸਿਰਜਣਾ ਲਈ ਵੱਡੀ ਚੁਣੌਤੀ ਬਣ ਚੁੱਕੀ ਹੈ।ਇਹੀ ਕਾਰਨ ਹੈ ਕਿ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਾਂਝੀਵਾਲਤਾ ਪੂਰੀ ਤਰ੍ਹਾਂ ਖ਼ਤਰੇ ਵਿਚ ਹੈ।

ਦੂਸਰੇ ਪਾਸੇ ਸਰਮਾਏਦਾਰੀ ਪ੍ਰਬੰਧ ਸਾਡੇ ਲੋਕਤੰਤਰੀ ਪ੍ਰਣਾਲੀ ਨੂੰ ਕਮਜ਼ੋਰ ਕਰਕੇ ਦੇਸ਼ ਨੂੰ ਆਰਥਿਕ ਸਮਾਜਿਕ ਤੇ ਸੱਭਿਆਚਾਰਕ ਤੌਰ ਤੇ ਚੁਣੌਤੀ ਦੇ ਰਿਹਾ ਹੈ। ਅਤੇ ਹਾਕਮ ਧਿਰ ਦੇ ਸਹਾਰੇ ਕਿਸਾਨ ਨੂੰ ਜ਼ਮੀਨ ਵਿੱਚੋਂ ਬਾਹਰ ਕੱਢਣ ਲਈ ਸਾਜ਼ਿਸ਼ਾਂ ਬਾਦਸਤੂਰ ਜਾਰੀ ਹਨ, ਮਜ਼ਦੂਰਾਂ ਤੇ ਆਮ ਲੋਕਾਂ ਦੇ ਵਿਰੋਧ ‘ਚ ਜਾਣ ਵਾਲੇ ਕਾਨੂੰਨ ਧੜਾ ਧੜ ਲਾਗੂ ਕੀਤੇ ਜਾ ਰਹੇ ਹਨ।

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ ਤੇ ਏਟਕ ਆਗੂ ਕਾਮਰੇਡ ਕਰਨੈਲ ਸਿੰਘ ਭੀਖੀ ਅਤੇ ਕਾਮਰੇਡ ਰਤਨ ਭੋਲਾ ਨੇ ਕਿਸਾਨਾਂ ,ਮਜ਼ਦੂਰਾਂ , ਮੁਲਾਜ਼ਮਾਂ, ਦੁਕਾਨਦਾਰਾਂ ਤੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਮਰੇਡ ਧਰਮ ਸਿੰਘ ਫੱਕਰ, ਕਾਮਰੇਡ ਜੰਗੀਰ ਸਿੰਘ ਜੋਗਾ ਤੇ ਤੇਜਾ ਸਿੰਘ ਸੁਤੰਤਰ ਹੋਰਾਂ ਦੀ ਸੋਚ ਨੂੰ ਅਪਣਾ ਕੇ ਸੰਘਰਸ਼ ਲਈ ਤਿਆਰ ਬਰ ਤਿਆਰ ਰਹਿਣਾ ਹੋਵੇਗਾ। ਉਹਨਾਂ ਦੀ ਸੋਚ ਨੂੰ ਹਰ ਵਰਗ ਤੱਕ ਲੈ ਕੇ ਜਾਣ ਲਈ ਲਹਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਬੱਪੀਆਣਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਕ੍ਰਿਸ਼ਨ ਸ਼ਰਮਾ ਦਲੇਲ ਸਿੰਘ ਵਾਲਾ, ਮੇਜ਼ਰ ਸਿੰਘ ਦਲੇਲ ਸਿੰਘ ਵਾਲਾ, ਦਿਵਾਨ ਸਿੰਘ,ਜੈਲਾ ਸਿੰਘ,ਬੰਤ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਥਾਣਾ ਮੇਹਟੀਆਣਾ ਦੀ ਪੁਲਿਸ ਨੇ ਨਸ਼ੀਲੇ ਪਦਾਰਥ ਵੇਚਣ ਵਾਲੀ ਕਥਿਤ ਦੋਸ਼ਣ ਜਸਵੀਰ ਕੋਰ ਨੂੰ ਕੀਤਾ ਗ੍ਰਿਫਤਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 11 ਅਪ੍ਰੈਲ ( ਤਰਸੇਮ ਦੀਵਾਨਾ ) ਸੰਦੀਪ ਮਲਿਕ ਆਈ.ਪੀ. ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ,ਐਸ. ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ੀਲੀਆ ਵਸਤੂਆ ਦੀ ਸਮੱਗਲਿਗ ਕਰਨ ਵਾਲੇ ਵਿਅਕਤੀਆ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਤਹਿਤ ਗ੍ਰਿਫਤਾਰ ਕਰਨ ਲਈ ਵਿਸ਼ੇਸ਼ ਮੁਹਿੰਮ ਸੁਰੂ ਕੀਤੀ ਗਈ ਹੈ ਅਤੇ ਇਸ ਮੁਹਿੰਮ ਤਹਿਤ ਸੁਖਨਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ

ਪੁਲਿਸ ਮੁਲਾਜਮ ਸੱਕੀ ਵਿਅਕਤੀਆ ਦੀ ਚੈਕਿੰਗ ਕਰਦੇ ਕਰਦੇ ਪਿੰਡ ਅਜਨੋਹਾ ਤੋਂ ਟੋਡਰਪੁਰ ਨੂੰ ਜਾ ਰਹੇ ਸੀ ਜਦੋਂ ਪੁਲਿਸ ਪਾਰਟੀ ਅਜਨੋਹਾ ਪਹੁੰਚੀ ਤਾਂ ਸਾਹਮਣੇ ਤੋਂ ਇਕ ਨੋਜਵਾਨ ਆਉਂਦਾ ਦਿਖਾਈ ਦਿਤਾ ਜੋ ਕਿ ਪੁਲਿਸ ਪਾਰਟੀ ਨੂੰ ਦੇਖ ਕੇ ਪਿਛੇ ਨੂੰ ਮੁੜ ਪਿਆ ਜਿਸ ਨੂੰ ਕਾਬੂ ਕਰਕੇ ਉਸਦਾ ਨਾਮ ਪਤਾ ਪੁਛਿਆ ਤਾ ਉਸ ਨੇ ਆਪਣਾ ਨਾਮ ਮਨਜਿੰਦਰ ਸਿੰਘ ਉਰਫ ਮਨੀ ਪੁਤਰ ਦਰਸ਼ਨ ਸਿੰਘ ਉਰਫ ਦਰਸ਼ੀ ਵਾਸੀ ਨਡਾਲੋਂ ਦੱਸਿਆ ਅਤੇ ਉਸ ਦੀ ਤਲਾਸ਼ੀ ਲੈਣ ਤੇ ਉਸ ਪਾਸੋਂ 145 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਸ ਪਾਸੋਂ ਬਰੀਕੀ ਨਾਲ ਪੁੱਛਗਿੱਛ ਕਰਨ ਤੇ ਪਤਾ ਲੱਗਾ ਸੀ ਕਿ ਉਹ ਇਹ ਨਸ਼ੀਲੀਆਂ ਗੋਲੀਆਂ ਜਸਵੀਰ ਕੋਰ ਪਤਨੀ ਮੱਖਣ ਸਿੰਘ ਵਾਸੀ ਭੂੰਗਰਨੀ ਕੋਲੋ ਖਰੀਦਕੇ ਲਿਆਇਆ ਸੀ, ਜਿਸ ਤੇ ਕਥਿਤ ਦੋਸ਼ਣ ਜਸਵੀਰ ਕੋਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਅੱਪਰਾ ਵਿਖੇ ਪਹਿਲਾ ਪੈਦਲ ਮਾਰਚ 13 ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com




ਫਿਲੌਰ/ਅੱਪਰਾ (ਦੀਪਾ)-ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਅੱਪਰਾ ਵਿਖੇ ਪਹਿਲਾ ਪੈਦਲ 13 ਅਪ੍ਰੈਲ ਨੂੰ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਵੇਰੇ 11 ਵਜੇ ਕੱਢਿਆ ਜਾ ਰਿਹਾ ਹੈ | ਉਕਤ ਪੈਦਲ ਮਾਰਚ ਭਗਵਾਨ ਵਾਲਮਿਕ ਜੀ ਮੰਦਿਰ ਅੱਪਰਾ, ਐੱਮ. ਜੀ. ਆਰੀਆ ਸਕੂਲ, ਆਜ਼ਾਦ ਗੇਟ, ਮਾਤਾ ਰਾਣੀ ਮੰਦਿਰ ਚੌਂਕ ਤੋਂ ਹੁੰਦਾ ਹੋਇਆ ਸਮਰਾੜੀ ਚੌਂਕ ਵਿਖੇ ਸਮਾਪਤ ਹੋਵੇਗਾ

# *ਅਧਿਆਪਕ ਜਥੇਬੰਦੀਆਂ ਨੇ ਮਸਲਿਆਂ ਦੇ ਹੱਲ ਲਈ ਸਿੱਖਿਆ ਮੰਤਰੀ ਵੱਲ ਭੇਜਿਆ ‘ਮੰਗ ਪੱਤਰ’*

- *ਮੰਗਾਂ ਹੱਲ ਨਾ ਹੋਣ ‘ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਹੋਵੇਗਾ ‘ਚੇਤਾਵਨੀ ਮਾਰਚ’*
- *3704 ਅਤੇ 6635 ਭਰਤੀਆਂ ਦੀ ਰੀਕਾਸਟ ਸੂਚੀ ‘ਚੋਂ ਬਾਹਰ ਕੀਤੇ ਅਧਿਆਪਕਾਂ ਦਾ ਭਵਿੱਖ ਹੋਵੇ ਸੁਰੱਖਿਅਤ*
- *10 ਮਈ ਨੂੰ ਲੁਧਿਆਣਾ (ਪੱਛਮੀ) ਵਿਸ਼ਾਲ ਰੋਸ ਰੈਲੀ ਦੀ ਚੇਤਾਵਨੀ* 10 ਮਈ ਨੂੰ,,,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਮਾਨਸਾ 11 ਅਪ੍ਰੈਲ ( ਆਤਮਾ ਸਿੰਘ ਪਮਾਰ); ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਦੇ ਕਾਰਜ਼ਕਾਲ ਦੌਰਾਨ ਅਧਿਆਪਕਾਂ ਦੀਆਂ ਲਟਕਦੀਆਂ ਮੰਗਾਂ-ਮਸਲਿਆਂ ਦਾ ਵਾਜਬ ਹੱਲ ਨਾ ਕਰਨ ਦੇ ਨਾਲ-ਨਾਲ ਰੀਕਾਸਟ ਸੂਚੀਆਂ ਦੇ ਨਾਂ ਹੇਠ ਨਵੀਂ ਮੈਰਿਟ ਵਿੱਚੋਂ 3704 ਮਾਸਟਰ ਅਤੇ 6635 ਈਟੀਟੀ ਭਰਤੀਆਂ ਦੇ ਸੈਂਕੜੇ ਅਧਿਆਪਕਾਂ ਨੂੰ ਬਾਹਰ ਕਰਕੇ ਵੱਡੀ ਪ੍ਰੇਸ਼ਾਨੀ ਵਿੱਚ ਧੱਕ ਦਿੱਤਾ ਹੈ। ਇੱਕ ਜੁੱਟ ਹੋ ਕੇ ਸੰਘਰਸ਼ ਕਰਨ ਦੇ ਫੈਸਲੇ ਤਹਿਤ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.), 6635 ਈ.ਟੀ.ਟੀ. ਟੀਚਰ ਯੂਨੀਅਨ, 4161 ਮਾਸਟਰ ਕਾਡਰ ਯੂਨੀਅਨ ਵੱਲੋਂ ਅੱਜ ‘ਜ਼ਿਲ੍ਹਾ ਸਿੱਖਿਆ ਅਫਸਰ’ ਮਾਨਸਾ ਰਾਹੀਂ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲ ‘ਮੰਗ ਪੱਤਰ’ ਭੇਜੇ ਗਏ ਹਨ। ਮੰਗਾਂ ਦਾ ਵਾਜਿਬ ਹੱਲ ਨਾ ਹੋਣ ‘ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ‘ਚੇਤਾਵਨੀ ਮਾਰਚ’ ਕੱਢਣ ਅਤੇ 10 ਮਈ ਨੂੰ ਲੁਧਿਆਣਾ (ਪੱਛਮੀ) ਹਲਕੇ ਵਿੱਚ ਅਧਿਆਪਕਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨ ਦੀ ਚੇਤਾਵਨੀ ਦਿੱਤੀ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਡੀ.ਟੀ.ਐੱਫ. ਮਾਨਸਾ ਦੇ ਜਿਲ੍ਹਾ ਸਕੱਤਰ ਹੰਸਾ ਸਿੰਘ ਡੇਲੂਆਣਾ , 6635 ਈ.ਟੀ.ਟੀ. ਯੂਨੀਅਨ ਦੇ ਕਿਰਨਜੀਤ ਕੌਰ, 4161 ਮਾਸਟਰ ਯੂਨੀਅਨ ਦੇ ਬਲਕਾਰ ਸਿੰਘ ਮਘਾਣੀਆ ਅਤੇ 3704 ਭਰਤੀ ਦੇ ਮੈਡਮ ਦੀਪਾ ਸੇਖਾ ਨੇ ਮੰਗ ਕੀਤੀ ਕਿ ਨਿਯੁਕਤੀ ਸੂਚੀਆਂ ਰਿਕਾਸਟ ਹੋਣ ਕਾਰਨ ਸੂਚੀ ਵਿੱਚੋਂ ਬਾਹਰ ਕੀਤੇ ਵੱਖ-ਵੱਖ ਕਾਡਰਾਂ ਦੇ ਸੈਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ। ਇਸ ਮਾਮਲੇ ਵਿੱਚ 3704 ਕਾਡਰ ਨੂੰ ਜਾਰੀ ਨੋਟਿਸ ਮੁੱਢੋਂ ਰੱਦ ਕੀਤੇ ਜਾਣ ਦੀ ਵੀ ਪੁਰਜੋਰ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਰੀਕਾਸਟ ਸੂਚੀਆਂ ਦੇ ਨਾਂ ਹੇਠ ਜੇਕਰ ਕਿਸੇ ਵੀ ਅਧਿਆਪਕ ਦੀ ਨੌਕਰੀ ‘ਤੇ ਕੋਈ ਖਤਰਾ ਖੜ੍ਹਾ ਕੀਤਾ ਗਿਆ ਤਾਂ ਅਧਿਆਪਕਾਂ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਤੋਂ ਇਲਾਵਾ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੇ 6635 ਈਟੀਟੀ, 4161 ਤੇ 2392 ਮਾਸਟਰ, ਪੱਖਪਾਤੀ ਸਟੇਸ਼ਨ ਚੋਣ ਨੀਤੀ ਦਾ ਸ਼ਿਕਾਰ ਈਟੀਟੀ ਤੋਂ ਮਾਸਟਰ ਅਤੇ ਮਾਸਟਰ ਤੋਂ ਲੈਕਚਰਾਰ ਪ੍ਰੋਮੋਟਡ ਅਧਿਆਪਕਾਂ ਅਤੇ ਛੋਟ ਪ੍ਰਾਪਤ ਕੈਟੇਗਰੀਆਂ ਲਈ ਬਿਨਾਂ ਸ਼ਰਤ ਬਦਲੀ ਦਾ ਵਿਸ਼ੇਸ਼ ਮੌਕਾ ਦੇਣ ਅਤੇ ਬਾਕੀ ਅਧਿਆਪਕਾਂ ਲਈ ਵੀ ‘ਆਮ ਬਦਲੀਆਂ-2025’ ਦੀ ਪ੍ਰੀਕਿਰਿਆ ਸ਼ੁਰੂ ਕਰਨ ਦੀ ਮੰਗ ਵੀ ਕੀਤੀ ਗਈ। ਆਗੂਆਂ ਨੇ ਮੰਗ ਕੀਤੀ ਕਿ ਪੀਟੀਆਈ ਅਤੇ ਆਰਟ ਕਰਾਫਟ ਅਧਿਆਪਕਾਂ ਦੀ ਤਨਖ਼ਾਹ ਰਿਵਿਜ਼ਨ ਕਰਕੇ ਕਟੌਤੀ ਕਰਨ ਦੇ ਗੈਰ ਵਾਜਿਬ ਅਤੇ ਮਾਰੂ ਫੈਸਲੇ ਨੂੰ ਮੁੱਢੋਂ ਰੱਦ ਕੀਤਾ ਜਾਵੇ, ਅਧਿਆਪਕ ਸਾਥੀ ਨਰਿੰਦਰ ਭੰਡਾਰੀ, ਡਾ. ਰਵਿੰਦਰ ਕੰਬੋਜ਼, ਓਡੀਐੱਲ ਅਧਿਆਪਕਾਂ ਅਤੇ 7654 ਹਿੰਦੀ ਵਿਸ਼ੇ ਦੇ ਅਧਿਆਪਕਾਂ ਵਿੱਚੋਂ ਪੈਂਡਿੰਗ ਰੈਗੂਲਰ ਆਰਡਰ ਜਾਰੀ ਕੀਤੇ ਜਾਣ। ਇਸ ਦੇ ਨਾਲ ਹੀ ਅਧਿਆਪਕਾਂ ਦੇ ਸਾਰੇ ਕਾਡਰਾਂ ਦੀਆਂ ਰਹਿੰਦੀਆਂ ਤਰੱਕੀਆਂ ਬਿਨ੍ਹਾਂ ਕਿਸੇ ਪੱਖਪਾਤ ਤੋਂ ਸਾਰੇ ਖਾਲੀ ਸਟੇਸ਼ਨਾਂ ਲਈ ਮੁਕੰਮਲ ਕੀਤੀਆਂ ਜਾਣ। 180 ਈ.ਟੀ.ਟੀ. (4500 ਈ.ਟੀ.ਟੀ.) ਅਧਿਆਪਕਾਂ ਦੀ ਚਾਰ ਸਾਲ ਦੀ ਮੁੱਢਲੀ ਸਰਵਿਸ ਨੂੰ ਬਹਾਲ ਕਰਕੇ ਪੁਰਾਣੇ ਤਨਖਾਹ ਸਕੇਲ ਮੁੜ ਲਾਗੂ ਕੀਤੇ ਜਾਣ। ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਸਮੂਹ ਕੱਚੇ ਅਧਿਆਪਕਾਂ ਅਤੇ ਸਮੱਗਰਾ ਅਧੀਨ ਨਾਨ ਟੀਚਿੰਗ ਨੂੰ ਸਿੱਖਿਆ ਵਿਭਾਗ ਵਿਚ ਰੈਗੂਲਰ ਕੀਤਾ ਜਾਵੇ। 5994 ਈਟੀਟੀ ਦੇ ਨਿਯੁਕਤੀ ਪੱਤਰ ਪ੍ਰਾਪਤ ਅਧਿਆਪਕਾਂ ਨੂੰ ਸਕੂਲਾਂ ਵਿੱਚ ਹਾਜ਼ਰ ਕਰਵਾਇਆ ਜਾਵੇ। 4161 ਅਤੇ 3582 ਨੂੰ ਟ੍ਰੇਨਿੰਗ ਲੱਗਣ ਦੀਆਂ ਮਿਤੀਆਂ ਤੋਂ ਸਾਰੇ ਆਰਥਿਕ ਤੇ ਬਾਕੀ ਪੈਂਡਿੰਗ ਲਾਭ ਹਕੀਕੀ ਰੂਪ ਵਿੱਚ ਲਾਗੂ ਕੀਤੇ ਜਾਣ। ਪੁਰਸ਼ ਅਧਿਆਪਕਾਂ ਨੂੰ 10 ਅਤੇ 20 ਸਾਲ ਦੀ ਸਰਵਿਸ ਉਪਰੰਤ ਅਚਨਚੇਤ ਛੁੱਟੀਆਂ ਵਿੱਚ ਵਾਧੇ ਮੌਕੇ ਠੇਕਾ ਅਧਾਰਿਤ ਨੌਕਰੀ ਦੇ ਸਮੇਂ ਨੂੰ ਗਿਣਨਯੋਗ ਮੰਨਿਆ ਜਾਵੇ।

ਇਸ ਮੌਕੇ ਕੌਰ ਸਿੰਘ ਫੱਗੂ, ਜਸਵੀਰ ਭੰਮੇ, ਹਰਪ੍ਰੀਤ ਸਿੰਘ ਖੜਕ ਸਿੰਘ ਵਾਲਾ, ਕਾਲਾ ਸਿੰਘ ਸਹਾਰਨਾ, ਬੀਰ ਸਿੰਘ, ਅਮਰਿੰਦਰ ਸਿੰਘ, ਬਲਕਾਰ ਬੁਢਲਾਡਾ ਗੁਰਦਾਸ ਸਿੰਘ, , ਡਿੰਪਲ, ਪਿੰਕੀ ਰਾਣੀ, ਰਾਜਦੀਪ ਕੌਰ ਆਦਿ ਵੀ ਹਾਜ਼ਰ ਸਨ

# ਨੌਜਵਾਨਾਂ ਨੂੰ ਨਕਾਰਾਤਮਕ ਵੱਖਵਾਦੀ ਵਿਚਾਰਾਂ ਪਿੱਛੇ ਲੱਗ ਕੇ ਆਪਣਾ ਭਵਿੱਖ ਖਰਾਬ ਨਹੀਂ ਕਰਨਾ ਚਾਹੀਦਾ: ਸੁਲਤਾਨੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



ਫਿਲੌਰ,/ਅੱਪਰਾ ਦੀਪਾ- ਅੱਜ ਸਟੇਟ ਐਵਾਰਡੀ ਪੀਸ ਐਬੰਸਡਰ ਸਲੀਮ ਸੁਲਤਾਨੀ ਰਾਸ਼ਟਰੀ ਪ੍ਰਧਾਨ ਮੈਸੰਜਰ ਆਫ ਪੀਸ ਮਿਸ਼ਨ ਇੰਡੀਆ ਨੇ ਪੰਜਾਬ ਵਿੱਚ ਪਿਛਲੀ ਦਿਨੀ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਵਾਲੇ ਘਟਨਾ ਕ੍ਰਮ ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ ਪੰਜਾਬ ਸਮੇਤ ਭਾਰਤ ਵਿੱਚ ਪਿਛਲੇ ਲੰਬੇ ਸਮੇਂ ਤੋਂ ਸ਼ਾਂਤੀ ਸਦਭਾਵ ਤੇ ਸਾਂਝੀਵਾਲਤਾ ਦੇ ਫਲਸਫੇ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ ਤੇ ਉਹ ਅੱਜ ਦੀ ਨੌਜਵਾਨ ਪੀੜੀ ਜੋ ਭਵਿੱਖ ਵਿੱਚ ਆਪਣੇ ਤੇ ਆਪਣੇ ਪਰਿਵਾਰ, ਸਮਾਜ, ਸੂਬੇ ਤੇ ਦੇਸ਼ ਲਈ ਇੱਕ ਜ਼ਿੰਮੇਵਾਰੀ ਦੀ ਭੂਮਿਕਾ ਨਿਭਾ ਸਕਦੇ ਹਨ, ਨੂੰ ਉਸ ਨਕਰਾਤਮਕ ਵਿਚਾਰ ਪ੍ਰਤੀ ਸੁਚੇਤ ਕਰਨਾ ਚਾਹੁੰਦੇ ਹਨ ਕਿ ਜੋ ਸਮਾਜਿਕ ਵੰਡ ਪਾਉ ਤੇ ਮਨੁੱਖਤਾ ਵਿਰੋਧੀ ਨਕਰਾਤਮਕ ਸੋਚ ਵਾਲੇ ਅਸਮਾਜਿਕ ਤੱਤ ਪੰਜਾਬ ਵਿਚ ਵੱਖਵਾਦ, ਅੱਤਵਾਦ ਤੇ ਪੱਖਵਾਦ ਨੂੰ ਫੈਲਾਉਣਾ ਚਾਹੁੰਦੇ ਹਨ ਤੇ ਉਹ ਆਪ ਵਿਦੇਸ਼ਾਂ ਵਿੱਚ ਬੈਠ ਕੇ ਆਲੀਸ਼ਾਨ ਜ਼ਿੰਦਗੀ ਬਤੀਤ ਕਰ ਰਹੇ ਹਨ ਤੇ ਅੰਤਰਰਾਸ਼ਟਰੀ ਕਾਨੂੰਨਾਂ ਦਾ ਸਹਾਰਾ ਲੈ ਕੇ ਸਾਡੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਅੰਦਾਜੀ ਕਰਨ ਦੇ ਮਕਸਦ ਨਾਲ ਨੌਜਵਾਨ ਪੀੜ੍ਹੀ ਦੇ ਜਜਬਾਤਾ ਨੂੰ ਭੜਕਾ ਕੇ ਉਨਾ ਨੂੰ ਪੈਸਿਆਂ ਆਦਿ ਦਾ ਲਾਲਚ ਦੇ ਕੇ ਉਨਾ ਤੋਂ ਸਮਾਜ ਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦਿਵਾਉਣ ਦੀ ਫਿਰਾਕ ਵਿਚ ਰਹਿੰਦੇ ਹਨ ਤੇ ਭੋਲੇ ਭਾਲੇ ਨੌਜਵਾਨ ਕਿਸੇ ਮਜਬੂਰੀ ਬਸ ਤੇ ਨਾ ਪੱਖੀ ਵਿਚਾਰਾ ਦੇ ਪ੍ਰਭਾਵ ਕਾਰਨ ਉਨਾ ਦੇ ਚੁੰਗਲ ਵਿਚ ਫਸ ਜਾਂਦੇ ਹਨ ਜਿਸ ਕਰਕੇ ਉਨ੍ਹਾਂ ਤੇ ਉਨਾ ਦੇ ਪਰਿਵਾਰ ਦਾ ਭਵਿੱਖ ਖਰਾਬ ਹੋ ਜਾਂਦਾ ਹੈ ਸੋ ਇਸ ਲਈ ਉਹ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦੇ ਹਨ ਕਿ ਭਾਰਤ ਇੱਕ ਵਿਸ਼ਾਲ ਤੇ ਵਿਭਿੰਨਤਾਵਾਦੀ ਦੇਸ਼ ਹੈ ਜਿਸਦਾ ਆਪਣਾ ਇੱਕ ਸੰਵਿਧਾਨ ਹੈ ਤੇ ਵੱਡੀ ਲੋਕਤੰਤਰਿਕ ਪ੍ਰਕਿਰਿਆ ਹੈ ਜਿਸ ਤੇ ਸਾਨੂੰ ਮਾਣ ਹੈ ਤੇ ਹਰ ਇੱਕ ਨਾਗਰਿਕ ਨੂੰ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਆਪਣੀ ਗੱਲ ਕਰਨ ਦਾ ਹੱਕ ਹੈ ਤੇ ਨੌਜਵਾਨਾਂ ਨੂੰ ਇਸ ਵਿਵਸਥਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ!

# ਕਿਸਾਨ ਜਥੇਬੰਦੀਆਂ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸਨਮਾਨ

## ਲੋਕ ਸਭਾ ਚ ਪੰਜਾਬ ਦੇ ਹੱਕਾਂ ਤੇ ਡਟ ਕੇ ਪਹਿਰਾ ਦੇਣ ਤੇ ਚੰਨੀ ਦਾ ਕੀਤਾ ਧੰਨਵਾਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 11 ਅਪ੍ਰੈਲ ( ਪਤਰ ਪ੍ਰੇਰਕ) ਇਲਾਕੇ ਦੇ ਕਿਸਾਨਾਂ ਵੱਲੋਂ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਕਿਸਾਨੀ ਮਸਲਿਆਂ ਨੂੰ ਲੋਕ ਸਭਾ ਵਿੱਚ ਉਭਾਰਨ ਤੇ ਉਨ੍ਹਾਂ ਦੇ ਘਰ ਪਹੁੰਚ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ ਵੱਖ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪਾਰਲੀਮੈਂਟ ਵਿੱਚ ਜਿੱਥੇ ਚਰਨਜੀਤ ਸਿੰਘ ਚੰਨੀ ਨੇ ਕਿਸਾਨੀ ਮੰਗਾਂ ਸਬੰਧੀ ਅਵਾਜ ਉਠਾਈ ਹੈ ਉਥੇ ਹੀ ਉਨ੍ਹਾਂ ਦੀ ਚੇਅਰਮੈਨਸ਼ਿਪ ਹੇਠ ਬਹੁਤ ਸਾਰੀਆਂ ਕਿਸਾਨੀ ਮੰਗਾਂ ਨੂੰ ਮੰਨਣ ਦੀ ਸਿਫਾਰਸ਼ ਕੀਤੀ ਹੈ ਜਿਸ ਕਰਕੇ ਅੱਜ ਕਿਸਾਨਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ 2027 ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੜ ਤੋਂ ਮੁੱਖ ਮੰਤਰੀ ਬਣਾਉਣ ਲਈ ਕਿਸਾਨ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਸ੍ਰੀ ਚੰਨੀ ਨੇ ਦੱਸਿਆ ਕਿ ਉਨ੍ਹਾਂ ਦੀ ਚੇਅਰਮੈਨਸ਼ਿਪ ਹੇਠ ਖੇਤੀਬਾੜੀ, ਕਿਸਾਨ ਭਲਾਈ, ਪਸ਼ੂ ਪਾਲਣ, ਡੇਅਰੀ, ਸਹਿਕਾਰਤਾ, ਮੱਛੀ ਪਾਲਣ ਅਤੇ ਫੂਡ ਪ੍ਰੋਸੈਸਿੰਗ ਆਦਿ ਵਿਭਾਗਾਂ ਦੀ ਬਣਾਈ ਗਈ 31 ਮੈਂਬਰੀ ਸਟੈਂਡਿੰਗ ਕਮੇਟੀ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਭਲਾਈ ਸਮੇਤ, ਹੋਰ ਵੱਖ ਵੱਖ ਵਿਸ਼ਿਆ ਤੇ ਕੇਂਦਰ ਸਰਕਾਰ ਨੂੰ 12 ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਹਨ। ਜਿਨਾਂ ਵਿੱਚ ਕਿਸਾਨਾਂ ਨੂੰ ਐਮ.ਐਸ.ਪੀ ਦੀ ਲੀਗਲ ਗਰੰਟੀ ਦੇਣਾ, ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨਾ, ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਝੋਨੇ ਦੀ ਐਮ.ਐਸ.ਪੀ ਤੋਂ 100 ਰੁਪਏ ਪ੍ਰਤੀ ਕੁਇੰਟਲ ਵਾਧੂ ਦੇਣਾ, ਗਊਸ਼ਾਲਾਵਾਂ ਨੂੰ ਮਜਬੂਤ ਕਰਨਾ ਅਤੇ ਦੁੱਧ ਦੇਣ ਤੇ ਹਟਣ ਵਾਲੇ ਬਿਰਧ ਪਸ਼ੂਆਂ ਦੀ ਸਾਂਭ-ਸੰਭਾਲ ਲਈ ਪਸ਼ੂ ਪਾਲਕਾਂ ਨੂੰ ਗਊਸ਼ਾਲਾਵਾਂ ਦੀ ਤਰਾਂ ਸਿੱਧੇ ਤੌਰ ਤੇ ਆਰਥਿਕ ਸਹਾਇਤਾ ਦੇਣਾ ਅਤੇ ਕਿਸਾਨ ਵਿਕਾਸ ਭਲਾਈ ਵਿਭਾਗ ਦਾ ਨਾਮ ਬਦਲ ਕੇ ਕਿਸਾਨ ਤੇ ਖੇਤ ਮਜ਼ਦੂਰ ਭਲਾਈ ਵਿਭਾਗ ਕਰਨਾ ਤਾਂ ਜੋ ਖੇਤ ਮਜ਼ਦੂਰਾਂ ਨੂੰ ਵੀ ਕਿਸਾਨਾਂ ਦੀ ਤਰ੍ਹਾਂ ਇਸ ਵਿਭਾਗ ਤੋਂ ਸਹੂਲਤਾਂ ਮਿਲ ਸਕਣ ਆਦਿ ਕਿਸਾਨ ਤੇ ਖੇਤ ਮਜ਼ਦੂਰ ਪੱਖੀ ਸਿਫਾਰਿਸ਼ਾਂ ਸ਼ਾਮਿਲ ਹਨ। ਜਿਨਾਂ ਕਾਰਨ ਇਲਾਕੇ ਦੇ ਕਿਸਾਨਾਂ ਵੱਲੋਂ ਉਹਨਾਂ ਨੂੰ ਮਾਨ ਸਤਿਕਾਰ ਦਿੱਤਾ ਗਿਆ ਹੈ। ਜਿਸ ਲਈ ਉਹ ਕਿਸਾਨ ਜਥੇਬੰਦੀਆਂ ਦਾ ਧੰਨਵਾਦ ਕਰਦੇ ਹਨ। ਇਸ ਮੌਕੇ ਤੇ ਕਿਸਾਨ ਆਗੂ ਕੁਲਵੰਤ ਸਿੰਘ ਰੁੜਕੀ, ਦਵਿੰਦਰ ਸਿੰਘ ਦੇਹਕਲਾਂ, ਜਸਪਾਲ ਸਿੰਘ ਲਾਡਰਾਂ, ਕੇਹਰ ਸਿੰਘ ਅਮਰਾਲੀ, ਬੰਤ ਸਿੰਘ ਕਲਾਰਾਂ ਸਾਬਕਾ ਚੇਅਰਮੈਨ, ਅਵਤਾਰ ਸਿੰਘ ਲੁਠੇੜੀ, ਸਲਿੰਦਰਜੀਤ ਸਿੰਘ ਘੋਗਾ, ਇਕਬਾਲ ਸਿੰਘ ਡੂਮਛੇੜੀ, ਦਰਸ਼ਨ ਸਿੰਘ ਸੰਧੂ, ਹਰਪਾਲ ਸਿੰਘ ਬਮਨਾੜਾ ਨਾਗਰ ਸਿੰਘ ਧੜਾਕ, ਗੁਰਵਿੰਦਰ ਸਿੰਘ ਕਕਰਾਲੀ ਸਾਬਕਾ ਚੇਅਰਮੈਨ, ਜੋਗਿੰਦਰ ਸਿੰਘ ਬੰਗੀਆਂ, ਨੰਬਰਦਾਰ ਰੁਪਿੰਦਰ ਸਿੰਘ ਭਿੱਚਰਾ, ਬਲਜਿੰਦਰ ਸਿੰਘ ਧਾਲੀਵਾਲ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਕਾਂਗਰਸੀ ਵਰਕਰ ਹਾਜ਼ਰ ਸਨ।

# ਮਿਡ ਡੇ ਮੀਲ ਕੁੱਕਾਂ ਦੀ ਤਨਖਾਹ ਵਿੱਚ ਵਾਧਾ ਕਰਨ ਦੀ ਮੰਗ

## ਤਨਖਾਹ ਵਿਚ ਵਾਧਾ ਨਾ ਕੀਤਾ ਤਾਂ ਸਕੂਲਾਂ ਵਿੱਚ ਖਾਣਾ ਬਣਾਉਣਾ ਬੰਦ ਕਰ ਦਿਤਾ ਜਾਵੇਗਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 11 ਅਪ੍ਰੈਲ ,( ਪਤਰ ਪ੍ਰੇਰਕ,) ਮਿਡ ਡੇ ਮੀਲ ਕੁੱਕ, ਦਰਜਾ ਚਾਰ ਸਫਾਈ ਸੇਵਕਾਂ ਅਤੇ ਚੌਂਕੀਦਾਰਾਂ ਬਲਾਕ ਮੋਰਿੰਡਾ ਦੀ ਮੀਟਿੰਗ ਬਲਾਕ ਪ੍ਰਧਾਨ ਨਿਰਮਲਾ ਕੌਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨਾਲ ਵਾਰ ਵਾਰ ਟੇਬਲ ਟਾਕ ਮੀਟਿੰਗਾਂ ਕਰਨ ਦੇ ਬਾਵਜੂਦ ਉਨਾਂ ਵੱਲੋਂ ਢੇਰ ਸਾਰੇ ਵਾਅਦੇ ਵੀ ਕੀਤੇ ਗਏ ਪਰ ਅੱਜ ਤੱਕ ਤਨਖਾਹ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਗਿਆ। ਮਿਡ ਡੇ ਮੀਲ ਕੁੱਕ ਯੂਨੀਅਨ ਬੀ.ਐਮ.ਐਸ ਵੱਲੋਂ 7000 ਰੁਪਏ ਤਨਖਾਹ ਦੀ ਮੰਗ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਆਪਣਾ ਬਜਟ ਵੀ ਪਾਸ ਕਰ ਲਿਆ ਪਰ ਫਿਰ ਵੀ ਇਹਨਾਂ 44538 ਗਰੀਬ ਵਰਕਰ ਜੋ ਪੰਜਾਬ ਦੇ ਸਕੂਲਾਂ ਵਿੱਚ ਪਹਿਲੀ ਜਮਾਤ ਦੇ ਅੱਠਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਖਾਣਾ ਬਣਾਉਣ ਦਾ ਕੰਮ ਕਰਦੇ ਹਨ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮਿਡ ਡੇ ਮੀਲ ਕੁੱਕਾਂ ਦੀ ਤਨਖਾਹ ਵਿੱਚ 30 ਅਪ੍ਰੈਲ ਤੱਕ ਵਾਧਾ ਨਾ ਕੀਤਾ ਗਿਆ ਤਾਂ 1 ਮਈ ਤੋਂ ਪੂਰੇ ਪੰਜਾਬ ਵਿੱਚ ਮਿਡ ਡੇ ਮੀਲ ਕੁੱਕ ਸਕੂਲਾਂ ਵਿੱਚ ਖਾਣਾ ਬਣਾਉਣ ਦਾ ਕੰਮ ਬੰਦ ਕਰ ਦੇਣਗੇ। ਉਨ੍ਹਾਂ ਕਿਹਾ ਕਿ ਇਸ ਫੈਸਲੇ ਸਬੰਧੀ ਪੰਜਾਬ ਦੇ ਮੰਤਰੀਆਂ, ਮਹਿਕਮੇ ਦੇ ਉਚ ਅਧਿਕਾਰੀਆਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ. ਪੀ ਸਾਹਿਬ ਨੂੰ ਲਿਖਤੀ ਰੂਪ ਵਿੱਚ ਜਾਣਕਾਰੀ ਭੇਜ ਦਿੱਤੀ ਜਾਵੇਗੀ। ਇਸ ਅਣਗਹਿਲੀ ਦੀ ਜਿੰਮੇਵਾਰੀ ਖੁਦ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਕੁਲਵਿੰਦਰ ਕੌਰ, ਕਰਮਜੀਤ ਕੌਰ, ਕਮਲਜੀਤ ਕੌਰ, ਜਸਵਿੰਦਰ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਬੇਬੀ, ਨਿਰਮਲਾ ਕੌਰ, ਕੁਲਦੀਪ ਕੌਰ ਅਤੇ ਜਸਵਿੰਦਰ ਕੌਰ ਆਦਿ ਹਾਜ਼ਰ ਸਨ।

# ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਿੰਡ ਬਬੇਲੀ ਵਿਖੇ ਖਾਲਸਾ ਸਾਜਨਾ ਦਿਵਸ ਸਮਾਗਮ 13 ਅਪ੍ਰੈਲ ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਾਤਸ਼ਾਹੀ ਸਤਵੀਂ ਪਿੰਡ ਬਬੇਲੀ ਵਿਖੇ 13 ਅਪ੍ਰੈਲ ਨੂੰ ਮਨਾਏ ਜਾ ਰਹੇ ਖਾਲਸਾ ਸਾਜਨਾ ਦਿਵਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਬਲਦੇਵ ਸਿੰਘ, ਕੁੰਦਨ ਸਿੰਘ ਮੈਂਬਰ ਅਤੇ ਰਣਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ ਹੈ। ਦਿਨ ਐਤਵਾਰ 13 ਅਪ੍ਰੈਲ ਨੂੰ ਸਵੇਰੇ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ 11 ਵਜੇ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਸਰਬੱਤ ਦੇ ਭਲੇ ਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇਗੀ। ਜਿਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਦੌਰਾਨ ਪੰਥ ਪ੍ਰਸਿੱਧ ਢਾਡੀ ਨਿਰਮਲ ਸਿੰਘ ਨੂਰ ਦਾ ਜੱਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਖਾਲਸਾ ਪੰਥ ਅਤੇ ਸਿੰਘ ਸੂਰਮਿਆਂ ਦੀਆਂ ਮਹਾਨ ਸ਼ਹਾਦਤਾਂ ਦੇ ਇਤਿਹਾਸ ਨਾਲ ਜੋੜੇਗਾ। ਪਵਿੱਤਰ ਸਰੋਵਰ ਵਿਚ ਸੰਗਤਾਂ ਦੇ ਇਸ਼ਨਾਨ ਕਰਨ ਲਈ ਤਾਜਾ ਪਾਣੀ ਭਰਿਆ ਗਿਆ ਹੈ। ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਚਾਹ ਪਕੌੜਿਆਂ ਦੀ ਸੇਵਾ, ਜਲੇਬੀਆਂ ਦਾ ਪ੍ਰਸਾਦ ਅਤੇ ਗੁਰੂ ਘਰ ਕਾ ਲੰਗਰ ਅਤੁਟ ਵਰਤਾਇਆ ਜਾਵੇਗਾ। ਇਲਾਕੇ ਭਰ ਦੀਆਂ ਸੰਗਤਾਂ ਵਿਚ ਇਸ ਸਲਾਨਾ ਸਮਾਗਮ ਨੂੰ ਲੈ ਕੇ ਹਰ ਸਾਲ ਦੀ ਤਰ੍ਹਾਂ ਭਾਰੀ ਉਤਸ਼ਾਹ ਹੈ। ਇਸ ਮੌਕੇ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਬਬੇਲੀ, ਗੁਰਦੀਪ ਸਿੰਘ, ਦਵਿੰਦਰ ਸਿੰਘ ਉੱਚਾ ਪਿੰਡ, ਰਾਜਿੰਦਰ ਸਿੰਘ, ਚਰਨਜੀਤ ਸਿੰਘ, ਅਮਰੀਕ ਸਿੰਘ, ਜੋਗਿੰਦਰ ਸਿੰਘ, ਉਪਕਾਰਜੀਤ ਸਿੰਘ ਦੁੱਗਾਂ, ਹਰਨੇਕ ਸਿੰਘ, ਗੁਰਦੇਵ ਸਿੰਘ, ਸੁੱਚਾ ਸਿੰਘ, ਗੁਰਚਰਨ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਪ੍ਰਭਜੋਤ ਸਿੰਘ, ਰਮਨਦੀਪ ਕੌਰ, ਇਕਬਾਲ ਸਿੰਘ ਬਬੇਲੀ, ਗੁਰਦਿਆਲ ਸਿੰਘ, ਬੀਬੀ ਸਰਬਜੀਤ ਕੌਰ, ਪਰਮਜੀਤ ਕੌਰ, ਬਲਜੀਤ ਕੌਰ, ਜਸਵੰਤ ਰਾਏ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਵਚਨਬੱਧ ਭਗਵੰਤ ਮਾਨ ਸਰਕਾਰ - ਚੱਬੇਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਪੰਜਾਬ 'ਚ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮੀਰਾਪੁਰ-ਗੁਜਰਾਤਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਨਵੀਂ ਉਸਾਰੀ ਚਾਰਦੀਵਾਰੀ ਦਾ ਉਦਘਾਟਨ ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਅਤੇ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਰਾਜਕੁਮਾਰ ਚੱਬੇਵਾਲ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਚਨਬੱਧ ਹੈ। ਸੂਬੇ ਦੇ 20 ਹਜ਼ਾਰ ਸਕੂਲਾਂ ਵਿੱਚ ਪੜ੍ਹ ਰਹੇ 27 ਲੱਖ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਅਤੇ ਆਧੁਨਿਕ ਸੁਵਿਧਾਵਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ 12 ਤੋਂ ਵੱਧ ਕੱਚੇ ਅਧਿਆਪਕਾਂ ਨੂੰ ਪੱਕੀ ਨੌਕਰੀ ਦਿੱਤੀ ਗਈ ਹੈ। ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਪੂਰਾ ਕਰਨ ਲਈ 20 ਹਜਾਰ ਨਵੇਂ ਅਧਿਆਪਕ ਭਰਤੀ ਕੀਤੇ ਗਏ ਹਨ। ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਲੋਂ ਵਿਧਾਨਸਭਾ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਵਾਰੋ-ਵਾਰੀ ਪੂਰੇ ਕੀਤੇ ਜਾ ਰਹੇ ਹਨ। ਉਹਨਾਂ ਜਿੱਥੇ ਬੱਚਿਆਂ ਨੂੰ ਦਿਲ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਆ, ਉੱਥੇ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਉੱਚ ਸਿੱਖਿਆ ਪ੍ਰਾਪਤ ਕਰਨ ਅਤੇ ਖੇਡਾਂ ਵਿਚ ਦਿਲਚਸਪੀ ਲੈਣ ਲਈ ਪ੍ਰੇਰਿਤ ਕੀਤਾ। ਇਸ ਤੋਂ ਪਹਿਲਾਂ ਉਕਤ ਆਗੂਆਂ ਦਾ ਸਕੂਲ ਪੁੱਜਣ ਤੇ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਮਮਤਾ ਬਜਾਜ ਦੀ ਅਗਵਾਈ ਹੇਠ ਦਲਜੀਤ ਸਿੰਘ ਸੈਣੀ ਸਕੂਲ ਇੰਚਾਰਜ ਮੀਰਾਪੁਰ, ਰਾਮਪਾਲ ਵਰਮਾ ਸਕੂਲ ਇੰਚਾਰਜ ਗੁਜਰਾਤਾਂ, ਦੇਸਰਾਜ ਸਰਪੰਚ ਮੀਰਾਪੁਰ ਅਤੇ ਜਸਬੀਰ ਕੌਰ ਸਰਪੰਚ ਗੁਜਰਾਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ. ਜਸ਼ਨਜੀਤ ਸਿੰਘ, ਡੀ.ਐਸ. ਪੀ. ਭਾਰਤ ਭੂਸ਼ਣ, ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ, ਗੁਰਦੀਪ ਸਿੰਘ ਦੀਪਾ, ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ, ਬੀ.ਡੀ. ਪੀ.ਓ. ਰਾਮਪਾਲ ਰਾਣਾ, ਅਮਨਦੀਪ ਜੇ.ਈ., ਅਨਿਲ ਕੁਮਾਰ ਜੇ.ਈ, ਦਵਿੰਦਰ ਸ਼ਰਮਾ ਜਿਲ੍ਹਾ ਕੋਆਰਡੀਨੇਟਰ ਅਪਰ ਪ੍ਰਾਇਮਰੀ, ਜਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਤੋਂ ਇਲਾਵਾ ਸੀ.ਐਚ.ਟੀ. ਮਨਜੀਤ ਲਾਲ ਭਬਿਆਣਾ, ਸਤਨਾਮ ਸਿੰਘ ਨਰੂੜ, ਕੁਲਵੀਰ ਕੌਰ ਧਰਮਕੋਟ, ਰਾਜਵਿੰਦਰ ਕੌਰ ਸੰਗਤਪੁਰ, ਨਵਤੇਜ ਸਿੰਘ ਨਾਨਕ ਨਗਰੀ, ਗਣੇਸ਼ ਭਗਤ ਸਪਰੋੜ, ਪਰਮਜੀਤ ਰਿਹਾਣਾ ਜੱਟਾਂ, ਮੀਨਾ ਪ੍ਰਭਾਕਰ ਭਬਿਆਣਾ, ਸੰਜੀਵ ਪ੍ਰਭਾਕਰ, ਬਿਕਰਮਜੀਤ ਸਿੰਘ ਰਾਣੀਪੁਰ ਰਾਜਪੂਤਾਂ, ਲਖਵਿੰਦਰ ਕੌਰ ਜਗਪਾਲਪੁਰ, ਗੁਰਬਖਸ਼ ਕੌਰ ਡੁਮੇਲੀ, ਪੂਨਮ ਰਿਹਾਣਾ ਜੱਟਾਂ, ਸੋਨੀਆ ਰਾਵਲਪਿੰਡੀ, ਸ਼ਿਖਾ ਸੱਭਰਵਾਲ ਰਾਮਪੁਰ ਸੁੰਨੜਾ, ਸੁਨੀਤਾ ਰਾਣੀ ਨੰਗਲ ਮੱਝਾ, ਪਰਮਜੀਤ ਸਿੰਘ ਚੌਹਾਨ, ਜਸਪਾਲ ਸਿੰਘ, ਗੁਰਸ਼ਿੰਦਰ ਸਿੰਘ, ਜੀ.ਆਰ.ਐਸ. ਮੇਜਰ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਰਾਮ, ਸੋਮਨਾਥ, ਰਾਜਵੀਰ ਕੌਰ, ਸੀਮਾ, ਕੇਵਲ ਕ੍ਰਿਸ਼ਨ, ਮਹਿੰਗਾ ਸਿੰਘ, ਜੀਵਨ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਿਹਤਮੰਦ ਪਿੰਡ, ਸੁਚੱਜਾ ਭਵਿੱਖ – ਸਫਾਈ ਅਤੇ ਜਾਗਰੂਕਤਾ ਰਾਹੀਂ ਬਦਲਾਅ ਦੀ ਸ਼ੁਰੂਆਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਮਿਤੀ: 11 ਅਪ੍ਰੈਲ 2025,ਪਿੰਡ ਮਗਰੋੜ, ਜ਼ਿਲ੍ਹਾ ਰੂਪਨਗਰ: ਸਰਕਾਰੀ ਪ੍ਰਾਇਮਰੀ ਸਕੂਲ ਮਗਰੋੜ ਦੇ ਵਿਦਿਆਰਥੀਆਂ ਵੱਲੋਂ ਆਯੁਸ਼ਮਾਨ ਆਰੋਗਿਆ ਕੇਂਦਰ ਅਕਬਰਪੁਰ ਦੇ ਪੈਰਾਮੈਡੀਕਲ ਸਟਾਫ ਦੀ ਸਾਂਝ ਨਾਲ ਪਿੰਡ ਮਗਰੋੜ ਵਿੱਚ ਸਿਹਤ ਅਤੇ ਸਫਾਈ ਸੰਬੰਧੀ ਇੱਕ ਜਾਗਰੂਕਤਾ ਰੈਲੀ ਕੱਢੀ ਗਈ।

ਇਹ ਰੈਲੀ ਪਿੰਡ ਹੈਲਥ ਐਂਡ ਨਿਊਟ੍ਰੀਸ਼ਨ ਕਮੇਟੀ ਦੀ ਮੀਟਿੰਗ ਉਪਰੰਤ ਕੀਤੀ ਗਈ, ਜੋ ਕਿ ਸਰਪੰਚ ਜਗਜੀਤ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਪਿੰਡ ਦੀ ਸਿਹਤ ਸੰਬੰਧੀ ਜ਼ਰੂਰਤਾਂ ਅਤੇ ਚੁਣੌਤੀਆਂ 'ਤੇ ਵਿਚਾਰ-ਵਟਾਂਦਰਾ ਹੋਇਆ ਅਤੇ ਰੈਲੀ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦਾ ਫੈਸਲਾ ਲਿਆ ਗਿਆ।

ਵਿਦਿਆਰਥੀਆਂ ਨੇ ਹੱਥਾਂ ਵਿੱਚ ਨਾਅਰੇ ਲਿਖੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਸਿਹਤ ਤੇ ਸਫਾਈ ਬਾਰੇ ਨਾਅਰੇ ਲਗਾਉਂਦੇ ਹੋਏ ਪਿੰਡ ਦੀਆਂ ਮੁੱਖ ਗਲੀਆਂ 'ਚ ਰੈਲੀ ਕੱਢੀ। ਆਯੁਸ਼ਮਾਨ ਆਰੋਗਿਆ ਕੇਂਦਰ ਅਕਬਰਪੁਰ ਦੀ ਪੈਰਾਮੈਡੀਕਲ ਟੀਮ ਨੇ ਲੋਕਾਂ ਨੂੰ ਸਾਫ ਪਾਣੀ ਦੀ ਵਰਤੋਂ, ਹੱਥ ਧੋਣ, ਟੀਕਾਕਰਨ ਅਤੇ ਖੁਲੇ ਵਿੱਚ ਸ਼ੌਚ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ।

ਇਸ ਰੈਲੀ ਵਿੱਚ ਪਿੰਡ ਦੇ ਸਰਪੰਚ ਜਗਜੀਤ ਸਿੰਘ ਅਤੇ ਪੰਚ ਹਰਸਿਮਰਨਜੀਤ ਸਿੰਘ, ਸਤਵਿੰਦਰ ਸਿੰਘ, ਸੰਦੀਪ ਕੌਰ ਅਤੇ ਲਵਪ੍ਰੀਤ ਕੌਰ ਨੇ ਭਾਗ ਲਿਆ ਅਤੇ ਪਿੰਡ ਵਾਸੀਆਂ ਨੂੰ ਸਫਾਈ ਲਈ ਪ੍ਰੇਰਿਤ ਕੀਤਾ।

ਕਮਿਊਨਿਟੀ ਹੈਲਥ ਅਫਸਰ ਗੁਰਵਿੰਦਰ ਕੌਰ, ਹੈਲਥ ਵਰਕਰ ਵੀਨਾ ਰਾਣੀ, ਹਰਜੀਤ ਸਿੰਘ, ਅਤੇ ਆਸ਼ਾ ਵਰਕਰ ਚਰਨਜੀਤ ਕੌਰ ਨੇ ਘਰ-ਘਰ ਜਾ ਕੇ ਪੋਸ਼ਣ ਅਤੇ ਸਫਾਈ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਕਿਹਾ ਕਿ ਇਹ ਜਾਗਰੂਕਤਾ ਰੈਲੀ ਪਿੰਡ ਦੀ ਸਿਹਤ ਸੰਬੰਧੀ ਸੋਚ 'ਚ ਸੁਧਾਰ ਲਿਆਉਣ ਵੱਲ ਇਕ ਸਰਾਹਣਯੋਗ ਕਦਮ ਹੈ। ਇਨ੍ਹਾਂ ਗਤੀਵਿਧੀਆਂ ਰਾਹੀਂ ਲੋਕ ਸਿਰਫ਼ ਜਾਣਕਾਰੀ ਹੀ ਨਹੀਂ ਲੈਂਦੇ, ਸਗੋਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੀ ਸਿਹਤਮੰਦ ਅਭਿਆਸਾਂ ਨੂੰ ਅਪਣਾਉਂਦੇ ਹਨ।

ਸਕੂਲ ਦੇ ਮੁੱਖ ਅਧਿਆਪਕ ਫੁਲੇਸ਼ਵਰ ਸਿੰਘ ਨੇ ਆਪਣੇ ਵਿਚਾਰ ਸ਼ੇਅਰ ਕਰਦੇ ਹੋਏ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਵੀ ਲਾਜ਼ਮੀ ਹੈ। ਸਾਡੀਆਂ ਬੱਚੀਆਂ ਨੇ ਜੋਸ਼ ਤੇ ਜ਼ਿੰਮੇਵਾਰੀ ਨਾਲ ਰੈਲੀ ਵਿੱਚ ਭਾਗ ਲੈ ਕੇ ਸਫਾਈ ਅਤੇ ਸਿਹਤ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ, ਇਹ ਸਾਡੇ ਲਈ ਮਾਣ ਦੀ ਗੱਲ ਹੈ।

ਇਹ ਰੈਲੀ ਪਿੰਡ ਵਾਸੀਆਂ ਵੱਲੋਂ ਖੂਬ ਸਰਾਹੀ ਗਈ ਅਤੇ ਇਸਨੇ ਸਮੂਹ ਪਿੰਡ ਵਿੱਚ ਸਿਹਤ ਤੇ ਸਫਾਈ ਨੂੰ ਲੈ ਕੇ ਨਵੀਂ ਚੇਤਨਾ ਪੈਦਾ ਕੀਤੀ।

# ਪੰਜਾਬ ਸਰਕਾਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰਾ ਨੂੰ ‘ਸਕੂਲ ਆਫ ਹੈਪੀਨੈਸ’ ਚੁਣਿਆ: ਨਰਿੰਦਰ ਕੌਰ ਭਰਾਜ

- ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਰਾਮਪੁਰਾ ਤੇ ਬਲਿਆਲ ਦੇ ਸਰਕਾਰੀ ਹਾਈ ਸਕੂਲਾਂ ਵਿੱਚ ਵੀ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ
- ਪੰਜਾਬ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਹਰੇਕ ਨਾਗਰਿਕ ਦਾ ਸਰਗਰਮ ਸਹਿਯੋਗ ਜਰੂਰੀ: ਵਿਧਾਇਕ ਨਰਿੰਦਰ ਕੌਰ ਭਰਾਜ
- ਛੇਤੀ ਹੀ ਵਿਧਾਨ ਸਭਾ ਹਲਕਾ ਦੇ ਨਿਵਾਸੀਆਂ ਨੂੰ ਹੋਰ ਵਿਕਾਸ ਪ੍ਰੋਜੈਕਟ ਸਮਰਪਿਤ ਕੀਤੇ ਜਾਣਗੇ: ਭਰਾਜ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਭਵਾਨੀਗੜ੍ਹ/ ਸੰਗਰੂਰ, 11 ਅਪ੍ਰੈਲ, 2025: ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅੱਜ ਭਵਾਨੀਗੜ੍ਹ ਸਬ ਡਵੀਜ਼ਨ ਅਧੀਨ ਆਉਂਦੇ ਪਿੰਡ ਰਾਮਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਹਾਈ ਸਕੂਲ ਦੇ ਨਾਲ ਨਾਲ ਬਲਿਆਲ ਦੇ ਸਰਕਾਰੀ ਹਾਈ ਸਕੂਲ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸੂਬੇ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵਿਧਾਨ ਸਭਾ ਹਲਕਾ ਸੰਗਰੂਰ ਅਧੀਨ ਆਉਂਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ



ਮਜਬੂਤ ਕਰਨ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾ ਰਿਹਾ ਹੈ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰਾ ਵਿੱਚ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ ਤੇ ਪੂਰਾ ਕਰਨ ਲਈ 40 ਲੱਖ ਰੁਪਏ ਗ੍ਰਾਂਟ ਵੱਜੋਂ ਜਾਰੀ ਕੀਤੇ ਗਏ ਹਨ ਜਿਸ ਨਾਲ ਬਕਾਇਆ ਕੰਮ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੂਲ ਨੂੰ ਸਕੂਲ ਆਫ ਹੈਪੀਨੈਸ ਐਲਾਨਿਆ ਗਿਆ ਹੈ ਅਤੇ ਇੱਥੇ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਹਰ ਸੁਵਿਧਾ ਨੂੰ ਯਕੀਨੀ ਬਣਾਇਆ ਜਾਵੇਗਾ। ਉਹਨਾਂ ਦੱਸਿਆ ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਰਾਮਪੁਰਾ ਵਿੱਚ 1.20 ਲੱਖ ਅਤੇ ਸਰਕਾਰੀ ਹਾਈ ਸਕੂਲ ਬਲਿਆਲ ਵਿੱਚ 3 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੋਸ਼ਨ ਕਰਨ ਲਈ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਜਾ ਰਹੀ ਹੈ ਉੱਥੇ ਹੀ ਪੰਜਾਬ ਵਿੱਚੋਂ ਨਸ਼ਿਆਂ ਦੇ ਕਾਲੇ ਕਾਰੋਬਾਰ ਦਾ ਮੁਕੰਮਲ ਤੌਰ ਤੇ ਸਫਾਇਆ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵੀ ਜੋਸ਼ੋ ਖਰੋਸ਼ ਨਾਲ ਚੱਲ ਰਹੀ ਹੈ। ਉਹਨਾਂ ਕਿਹਾ ਕਿ ਇਸ ਸਮਾਜਿਕ ਕੋਹੜ ਨੂੰ ਮੁਕੰਮਲ ਤੌਰ ਤੇ ਖਤਮ ਕਰਨ ਲਈ ਪੰਜਾਬ ਦੇ ਹਰੇਕ ਨਾਗਰਿਕ ਦਾ ਸਰਗਰਮ ਯੋਗਦਾਨ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਸਰਕਾਰ ਇਸ ਮਸਲੇ ਉੱਤੇ ਪੂਰੀ ਸਖਤੀ ਕਰ ਰਹੀ ਹੈ ਅਤੇ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾ ਰਿਹਾ ਹੈ ਤੇ ਨਸ਼ਿਆਂ ਦੀ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਉੱਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਸੀਂ ਹਲਕਾ ਸੰਗਰੂਰ ਦੇ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕਰ ਰਹੇ ਹਾਂ ਅਤੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਉਹਨਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਅਨੇਕਾਂ ਹੋਰ ਲੋਕ ਪੱਖੀ ਪ੍ਰੋਜੈਕਟ ਹਲਕਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ।

ਇਸ ਮੌਕੇ ਸਕੂਲੀ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਅਤੇ ਸਕੂਲ ਮੁਖੀਆਂ ਨੇ ਸਕੂਲਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 41.28 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ

- ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਦਾ ਸੱਦਾ
- ਦਿੜ੍ਹਬਾ ਹਲਕੇ ‘ਤੇ ਲੱਗਿਆ ਪਛੜੇਪਣ ਦਾ ਦਾਗ ਮਾਨ ਸਰਕਾਰ ਨੇ ਵਿਕਾਸ ਕਾਰਜਾਂ ਦੀ ਹਨੇਰੀ ਨਾਲ ਮਿਟਾਇਆ: ਹਰਪਾਲ ਸਿੰਘ ਚੀਮਾ
- ਨਸ਼ਿਆਂ ਦੇ ਖਾਤਮੇ ਲਈ ਨਾਗਰਿਕਾਂ ਤੋਂ ਸਰਗਰਮ ਸਹਿਯੋਗ ਮੰਗਿਆ
- ਸਰਕਾਰੀ ਹਾਈ ਸਕੂਲ ਉਗਰਾਹਾਂ ਦੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਦਿੜ੍ਹਬਾ/ਸੰਗਰੂਰ, 11 ਅਪ੍ਰੈਲ, 2025: ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਾਈ ਸਕੂਲ ਉਗਰਾਹਾਂ ਵਿਖੇ 41 ਲੱਖ 28 ਹਜ਼ਾਰ ਦੀ ਲਾਗਤ ਨਾਲ ਬਣਵਾਏ 3 ਤਿੰਨ ਕਲਾਸ ਰੂਮ ਅਤੇ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸਰਵੋਤਮ ਸੁਵਿਧਾਵਾਂ ਉਪਲਬਧ ਕਰਵਾਉਣ ਅਤੇ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਪੱਧਰ ਦਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੱਤਾ ਵਿੱਚ ਆਈ ਸੀ ਤਾਂ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਜਾਣਗੀਆਂ ਅਤੇ ਅਸੀਂ ਉਸ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਹਾਂ ਜਿਸ ਤਹਿਤ ਪਿਛਲੇ 3 ਸਾਲਾਂ ਅੰਦਰ ਅਨੇਕਾਂ ਸਿੱਖਿਆ



ਪ੍ਰੋਜੈਕਟ ਸਫ਼ਲਤਾ ਨਾਲ ਲਾਗੂ ਕੀਤੇ ਗਏ ਹਨ ਅਤੇ ਆਉਂਦੇ 2 ਸਾਲਾਂ ਅੰਦਰ ਹੋਰ ਮਿਸਾਲੀ ਕਾਰਜ ਕਰਵਾਏ ਜਾਣਗੇ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਤਿ ਆਧੁਨਿਕ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਵਿਸ਼ਾ ਆਧਾਰਿਤ ਲੈਬ, ਨਵੇਂ ਕਲਾਸਰੂਮ, ਲਾਇਬ੍ਰੇਰੀਆਂ, ਖੇਡ ਮੈਦਾਨ, ਬੈਂਚ ਤੇ ਹੋਰ ਫਰਨੀਚਰ ਮੁਹੱਈਆ ਕਰਵਾਇਆ ਗਿਆ ਹੈ ਜਿਸ ਨਾਲ ਸਕੂਲਾਂ ਦਾ ਕਾਇਆ ਕਲਪ ਹੋਇਆ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਤਾਂ ਜ਼ੋ ਆਉਣ ਵਾਲੇ ਸਮੇਂ ਵਿੱਚ ਬੱਚੇ ਵੀ ਆਪਣੀ ਕਾਬਲੀਅਤ ਨਾਲ ਨਾ ਕੇਵਲ ਸਕੂਲ ਬਲਕਿ ਸੂਬੇ ਦਾ ਨਾਮ ਰੌਸ਼ਨ ਕਰਨ ਦੇ ਸਮਰੱਥ ਬਣ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 118 ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਫਿਨਲੈਂਡ, ਸਿੰਘਾਪੁਰ ਆਦਿ ਵਿੱਚ ਵਿਦਿਅਕ ਦੌਰੇ ਕਰਵਾਏ ਗਏ ਹਨ ਤਾਂ ਜ਼ੋ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਪੜ੍ਹਾਈ ਕਰਵਾਈ ਜਾ ਸਕੇ।ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਦੌਰਾਨ ਦਿੜ੍ਹਬਾ ਹਲਕੇ ‘ਤੇ ਲੱਗਿਆ ਪਛੜੇਪਣ ਦਾ ਦਾਗ ਮਾਨ ਸਰਕਾਰ ਵੱਲੋਂ ਵਿਕਾਸ ਕਾਰਜਾਂ ਦੀ ਹਨੇਰੀ ਨਾਲ ਪੂਰੀ ਤਰ੍ਹਾਂ ਮਿਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤਾਂ ਪਿੰਡਾਂ ਦਾ ਵਿਕਾਸ ਕਰ ਰਹੀਆਂ ਹਨ ਅਤੇ ਨਗਰ ਪੰਚਾਇਤਾਂ ਦੇ ਸਰਗਰਮ ਅਹੁਦੇਦਾਰਾਂ ਰਾਹੀਂ ਸ਼ਹਿਰੀ ਵਿਕਾਸ ਜੋਸ਼ੋ ਖਰੋਸ਼ ਨਾਲ ਚੱਲ ਰਿਹਾ ਹੈ। ਉਨ੍ਹਾਂ ਨੇ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ‘ਯੁੱਧ ਨਸ਼ਿਆਂ ਵਿਰੁੱਧ ਮੁਹਿੰਮ’ ਵਿੱਚ ਸਭ ਨਾਗਰਿਕਾਂ ਨੂੰ ਵਧ ਚੜ੍ਹ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਵੱਧ ਤੋਂ ਵੱਧ ਸਮੇਂ ਨੂੰ ਪੜ੍ਹਾਈ ਵਿੱਚ ਲਗਾਇਆ ਜਾਵੇ ਕਿਉਂਕਿ ਪੜ੍ਹਾਈ ਨਾਲ ਕੋਈ ਵੀ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਮਾਪਿਆਂ ਤੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਹੁਨਰ ਦੀ ਪਛਾਣ ਕਰਨ ਅਤੇ ਦਿਲਚਸਪੀ ਲੈ ਕੇ ਅਣਤਰਾਸ਼ੇ ਹੀਰਿਆਂ ਨੂੰ ਤਰਾਸ਼ਣ ਵਿੱਚ ਵਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਨੇ ਸਕੂਲ ਦੇ ਚੌਗਿਰਦੇ ਨੂੰ ਖੂਬਸੂਰਤ ਤੇ ਹਰਿਆਵਲ ਭਰਪੂਰ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਹਾਈ ਸਕੂਲ ਉਗਰਾਹਾਂ ਦੇ ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਅਤੇ ਸਕੂਲ ਇੰਚਾਰਜ ਵੱਲੋਂ ਸਕੂਲ ਦੀਆਂ ਹੋਰ ਅਹਿਮ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਗਿਆ।

ਇਸ ਦੌਰਾਨ ਚੇਅਰਮੈਨ ਨਗਰ ਸੁਧਾਰ ਟਰੱਸਟ ਹਰਪ੍ਰੀਤ ਸਿੰਘ ਪੀਤੂ, ਐਸ.ਡੀ.ਐਮ ਸੁਨਾਮ ਪ੍ਰਮੋਦ ਸਿੰਗਲਾ, ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਐਸ.ਪੀ ਨਵਰੀਤ ਸਿੰਘ ਵਿਰਕ, ਡੀ.ਐਸ.ਪੀ ਰੁਪਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਵਿੰਦਰ ਕੌਰ, ਹੈਡ ਮਿਸਟਰੈਸ ਸੁਖਬੀਰ ਕੌਰ, ਬਲਾਕ ਨੋਡਲ ਅਫਸਰ ਚੀਮਾ ਬਿਪਨ ਚਾਵਲਾ, ਬਲਾਕ ਨੋਡਲ ਅਫਸਰ ਸੁਨਾਮ—1 ਮਨੀਸ਼ਾ ਮਹਿਤਾ, ਸਰਪੰਚ ਗੁਰਪ੍ਰੀਤ ਸਿੰਘ ਸਿੱਧੂ ਸਮੇਤ ਅਧਿਆਪਕ, ਵਿਦਿਆਰਥੀ ਤੇ ਪਿੰਡ ਵਾਸੀ ਹਾਜ਼ਰ ਸਨ।

# ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਿੰਡ ਬਬੇਲੀ ਵਿਖੇ ਖਾਲਸਾ ਸਾਜਨਾ ਦਿਵਸ ਸਮਾਗਮ 13 ਅਪ੍ਰੈਲ ਨੂੰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਾਤਸ਼ਾਹੀ ਸਤਵੀਂ ਪਿੰਡ ਬਬੇਲੀ ਵਿਖੇ 13 ਅਪ੍ਰੈਲ ਨੂੰ ਮਨਾਏ ਜਾ ਰਹੇ ਖਾਲਸਾ ਸਾਜਨਾ ਦਿਵਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਬਲਦੇਵ ਸਿੰਘ, ਕੁੰਦਨ ਸਿੰਘ ਮੈਂਬਰ ਅਤੇ ਰਣਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ ਹੈ। ਦਿਨ ਐਤਵਾਰ 13 ਅਪ੍ਰੈਲ



ਨੂੰ ਸਵੇਰੇ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ 11 ਵਜੇ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਸਰਬੱਤ ਦੇ ਭਲੇ ਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇਗੀ। ਜਿਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਦੌਰਾਨ ਪੰਥ ਪ੍ਰਸਿੱਧ ਢਾਡੀ ਨਿਰਮਲ ਸਿੰਘ ਨੂਰ ਦਾ ਜੱਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਖਾਲਸਾ ਪੰਥ ਅਤੇ ਸਿੰਘ ਸੂਰਮਿਆਂ ਦੀਆਂ ਮਹਾਨ ਸ਼ਹਾਦਤਾਂ ਦੇ ਇਤਿਹਾਸ ਨਾਲ ਜੋੜੇਗਾ। ਪਵਿੱਤਰ ਸਰੋਵਰ ਵਿਚ ਸੰਗਤਾਂ ਦੇ ਇਸ਼ਨਾਨ ਕਰਨ ਲਈ ਤਾਜਾ ਪਾਣੀ ਭਰਿਆ ਗਿਆ ਹੈ। ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਚਾਹ ਪਕੌੜਿਆਂ ਦੀ ਸੇਵਾ, ਜਲੇਬੀਆਂ ਦਾ ਪ੍ਰਸਾਦ ਅਤੇ ਗੁਰੂ ਘਰ ਕਾ ਲੰਗਰ ਅਤੁਟ ਵਰਤਾਇਆ ਜਾਵੇਗਾ। ਇਲਾਕੇ ਭਰ ਦੀਆਂ ਸੰਗਤਾਂ ਵਿਚ ਇਸ ਸਲਾਨਾ ਸਮਾਗਮ ਨੂੰ ਲੈ ਕੇ ਹਰ ਸਾਲ ਦੀ ਤਰ੍ਹਾਂ ਭਾਰੀ ਉਤਸ਼ਾਹ ਹੈ। ਇਸ ਮੌਕੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਬਬੇਲੀ, ਗੁਰਦੀਪ ਸਿੰਘ, ਦਵਿੰਦਰ ਸਿੰਘ ਉੱਚਾ ਪਿੰਡ, ਰਾਜਿੰਦਰ ਸਿੰਘ, ਚਰਨਜੀਤ ਸਿੰਘ, ਅਮਰੀਕ ਸਿੰਘ, ਜੋਗਿੰਦਰ ਸਿੰਘ, ਉਪਕਾਰਜੀਤ ਸਿੰਘ ਦੁੱਗਾਂ, ਹਰਨੇਕ ਸਿੰਘ, ਗੁਰਦੇਵ ਸਿੰਘ, ਸੁੱਚਾ ਸਿੰਘ, ਗੁਰਚਰਨ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਪ੍ਰਭਜੋਤ ਸਿੰਘ, ਰਮਨਦੀਪ ਕੌਰ, ਇਕਬਾਲ ਸਿੰਘ ਬਬੇਲੀ, ਗੁਰਦਿਆਲ ਸਿੰਘ, ਬੀਬੀ ਸਰਬਜੀਤ ਕੌਰ, ਪਰਮਜੀਤ ਕੌਰ, ਬਲਜੀਤ ਕੌਰ, ਜਸਵੰਤ ਰਾਏ, ਕੁਲਦੀਪ ਸਿੰਘ ਆਦਿ ਹਾਜਰ ਸਨ।

# ਪਟਵਾਰੀਆਂ ਦੀ ਗਿਰਦਾਵਰੀ ਕਰਨ ‘ਤੇ ਲੱਗੀ ਡਿਊਟੀ, ਲੋਕ ਹੋ ਰਹੇ ਖੱਜਲ ਖੁਆਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 11 ਅਪ੍ਰੈਲ (ਸ਼ਿਵ ਕੌੜਾ) ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਸਬ-ਡਵੀਜਨ ਫਗਵਾੜਾ ਦੇ ਸਮੂਹ ਪਟਵਾਰੀਆਂ ਦੀ ਡਿਊਟੀ ਡੀ.ਸੀ.ਐਸ. ਗਿਰਦਾਵਰੀ ਲਈ ਲਗਾਏ ਜਾਣ ਕਰਕੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਗਵਾੜਾ ਦੇ ਬੰਗਾ ਰੋਡ ਸਥਿਤ ਪਟਵਾਰਖਾਨੇ ਦੇ ਗੇਟ ‘ਤੇ ਲੱਗੇ ਨੋਟਿਸ ਅਨੁਸਾਰ ਸਮੂਹ ਪਟਵਾਰੀਆਂ ਨੂੰ 9 ਅਪ੍ਰੈਲ ਤੋਂ 20 ਅਪ੍ਰੈਲ ਤੱਕ ਆਪੋ ਆਪਣੇ ਪਿੰਡਾਂ ‘ਚ ਗਿਰਦਾਵਰੀ ਕਰਨ ਦਾ ਹੁਕਮ ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਜਾਰੀ ਕੀਤਾ ਗਿਆ ਹੈ। ਆਮ ਲੋਕਾਂ ਨੇ ਦੱਸਿਆ ਕਿ ਪਹਿਲਾਂ ਤਹਿਸੀਲਦਾਰ ਦੀ ਨਿਯੁਕਤੀ ਨਾ ਹੋਣ ਕਾਰਨ ਜਾਇਦਾਦਾਂ ਦੇ ਇੰਤਕਾਲ ਚੜ੍ਹਾਉਣ ਦਾ ਕੰਮ ਠੱਪ ਰਿਹਾ ਅਤੇ ਹੁਣ ਪਟਵਾਰੀਆਂ ਦੀ ਡਿਊਟੀ ਗਿਰਦਾਵਰੀ ਲਈ ਲਾਏ ਜਾਣ ਨਾਲ ਉਹਨਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਉਹਨਾਂ ਭਗਵੰਤ ਮਾਨ ਸਰਕਾਰ ਦੀ ਕਾਰਜਸ਼ੈਲੀ ਨੂੰ ਲੈ ਕੇ ਵੀ ਸਵਾਲ ਖੜੇ ਕੀਤੇ ਅਤੇ ਕਿਹਾ



ਕਿ ਸਰਕਾਰ ਨੂੰ ਲੋਕਾਂ ਦੀ ਪਰੇਸ਼ਾਨੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

# ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਨਵੀਂ ਅਨਾਜ ਮੰਡੀ ਵਿਖੇ ਕਣਕ ਦੀ ਸਰਕਾਰੀ ਖ਼ਰੀਦ ਕਰਵਾਈ ਸ਼ੁਰੂ

- -ਸੂਬੇ ਦੀ ਮੰਡੀਆਂ ‘ਚ 136 ਲੱਖ ਮੀਟਰਿਕ ਟਨ ਕਣਕ ਆਉਣ ਦੀ ਸੰਭਾਵਨਾ : ਹਰਚੰਦ ਸਿੰਘ ਬਰਸਟ
-ਕਿਹਾ, ਮੰਡੀਆਂ ‘ਚ ਸਫ਼ਾਈ, ਪੀਣ ਵਾਲੇ ਪਾਣੀ, ਬੈਠਣ ਸਮੇਤ ਕਣਕ ਦੀ ਨਿਰਵਿਘਨ ਖ਼ਰੀਦ ਲਈ ਪੁਖ਼ਤਾ ਪ੍ਰਬੰਧ
-ਪੰਜਾਬ ਸਰਕਾਰ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਣ ਲਈ ਵਚਨਬੱਧ : ਹਰਚੰਦ ਸਿੰਘ ਬਰਸਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਪਟਿਆਲਾ, 11 ਅਪ੍ਰੈਲ:2025(ਬੇਅੰਤ ਸਿੰਘ ਰੋਹਟੀ ਖਾਸ) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਅੱਜ ਪਟਿਆਲਾ ਦੀ ਨਵੀਂ ਅਨਾਜ ਮੰਡੀ ਦਾ ਦੌਰਾ ਕੀਤਾ ਤੇ ਕਣਕ ਦੀ ਸਰਕਾਰੀ ਖ਼ਰੀਦ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਣਕ ਦੀ ਖ਼ਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ ਵੀ ਮੌਜੂਦ ਸਨ। ਮੰਡੀ ‘ਚ ਸਰਕਾਰੀ ਖ਼ਰੀਦ ਸ਼ੁਰੂ ਕਰਵਾਉਂਦਿਆਂ ਹਰਚੰਦ ਸਿੰਘ



ਫੋਟੋ ਕੈਪਸ਼ਨ : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਪਟਿਆਲਾ ਦੀ ਅਨਾਜ ਮੰਡੀ ਵਿਖੇ ਕਣਕ ਦੀ ਸਰਕਾਰੀ ਖ਼ਰੀਦ ਦੀ ਸ਼ੁਰੂਆਤ ਕਰਦੇ ਹੋਏ।

ਬਰਸਟ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਫ਼ਸਲ ਦਾ ਇੱਕ ਇੱਕ ਦਾਣਾ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਖ਼ਰੀਦ ਕੀਤੀ ਕਣਕ ਦੀ ਨਾਲੋਂ ਨਾਲ ਅਦਾਇਗੀ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਸਫ਼ਾਈ, ਪੀਣ ਵਾਲੇ ਪਾਣੀ ਤੇ ਬੈਠਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਮੌਜੂਦਾ ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ ‘ਚ 136 ਲੱਖ ਮੀਟਰਿਕ ਟਨ ਕਣਕ ਆਉਣ ਦੀ ਸੰਭਾਵਨਾ ਹੈ। ਇਸ ਲਈ ਬੰਪਰ ਫ਼ਸਲ ਦੇ ਮੱਦੇਨਜ਼ਰ ਸੂਬੇ ‘ਚ 1864 ਪੱਕੀ ਮੰਡੀਆਂ ਤੇ ਇਸ ਤੋਂ ਇਲਾਵਾ ਕਿਸਾਨਾਂ ਦੀ ਸਹੂਲਤ ਲਈ ਆਰਜ਼ੀ ਮੰਡੀਆਂ ਵੀ ਬਣਾਈਆਂ ਗਈਆਂ ਹਨ ਜਿਥੇ ਕਣਕ ਦੀ ਖ਼ਰੀਦ ਅਤੇ ਲਿਫ਼ਟਿੰਗ ਦੇ ਪੁਖ਼ਤਾ ਪ੍ਰਬੰਧ ਹਨ। ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਸਥਾਪਤ 109 ਮੰਡੀਆਂ ਵਿਚੋਂ ਹੁਣ ਤੱਕ 28 ਮੰਡੀਆਂ ਵਿੱਚ ਕਣਕ ਦੀ ਆਮਦ ਸ਼ੁਰੂ ਹੋਈ ਹੈ ਤੇ 10 ਅਪ੍ਰੈਲ ਤੱਕ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ‘ਚ 3578 ਮੀਟਰਿਕ ਟਨ ਕਣਕ ਪੁੱਜੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਕਰੀਬ ਸਾਢੇ 9 ਲੱਖ ਮੀਟਰਿਕ ਟਨ ਕਣਕ ਆਉਣ ਦੀ ਉਮੀਦ ਹੈ। ਇਸ ਮੌਕੇ ਪ੍ਰਧਾਨ ਸਤਵਿੰਦਰ ਸਿੰਘ ਸੈਣੀ, ਨਰੇਸ਼ ਕੁਮਾਰ, ਪਰਗਟ ਸਿੰਘ, ਖਰਦਮਨ ਰਾਏ, ਹਰਦੇਵ ਸਿੰਘ, ਸਕੱਤਰ ਅਸ਼ਵਨੀ ਕੁਮਾਰ ਮਹਿਤਾ ਸਮੇਤ ਵੱਡੀ ਗਿਣਤੀ ਕਿਸਾਨ ਅਤੇ ਆੜ੍ਹਤੀਏ ਮੌਜੂਦ ਸਨ।

# ਅੱਜ ਬੀਨ ਰਿਕਾਡਜ ਆਸਟਰੇਲੀਆ ਵਿਰਸੇ ਦੀ ਸ਼ਾਨ ਮੇਲਾ ਸੰਗਰੂਰ ਵਿਚ ਸ਼ਿਰਕਤ ਕਰੇਗੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਬਠਿੰਡਾ ਗੋਪੀ ਜੀ ਰੇ ਵਾ ਲਾ / ਬੇ ਅੰ ਤ ਸਿੰਘ ਰੋਹਟੀ ਖਾਸ ਵਿਰਸੇ ਨੂੰ ਜਿੰਦਾ ਰੱਖਣਾ ਜਰੂਰੀ ਸਮਝਦੇ ਹੋਏ ਸਮੇ ਸਮੇ ਨਾਲ ਉਪਰਾਲੇ ਹੁੰਦੇ ਰਹੇ ਹਨ ਜਦੋ ਯੁਗ ਦੀ ਸੁਰੂਆਤ ਹੋਈ ਤਾ ਵਿਰਸੇ ਨੂੰ ਬਚਾਉਣ ਦੀ ਲੋੜ ਵੀ ਪੈਦਾ ਹੋ ਗਈ ਹੋਵੇਗੀ ਤਾਹੀ ਅਸੀ ਆਦਿ ਵੇਲੇ ਤੇ ਹਰ ਕਾਲ ਨਾਲ ਵਾਕਿਫ ਹੁੰਦੇ ਅਜੋਕੇ ਸਮੇ ਵਿੱਚ ਸਾਇੰਸ ਯੁਗ ਦੇ ਉਸ ਯੁਗ ਵਿੱਚ ਪਹੁੰਚ ਚੁਕੇ ਹਾ ਜਿਥੇ 2 ਦਿਨ ਪੁਰਾਣੀ ਗੱਲ ਵੀ ਵਿਸਾਰ ਦਿੱਤੀ ਜਾਦੀ ਲੱਗਦੀ ਹੈ। ਪਰ ਕੁਝ ਬੁਧੀਜੀਵੀ ਲੋਕਾ ਕਰਕੇ ਅੱਜ ਵੀ ਵਿਰਸੇ ਨੂੰ ਕਾਇਮ ਰੱਖਣ ਦੀਆ ਕੋਸ਼ਿਸਾ ਨੇ ਸਾਨੂੰ ਮੇਲਿਆ ਰਾਹੀ ਜੋੜਕੇ ਰੱਖਿਆ ਹੈ ਅਜਿਹਾ ਉਪਰਾਲਾ ਵਿਸਾਖੀ ਦੇ ਮਹਾਨ ਦਿਵਸ ਤੇ ਜੀ ਮਲਟੀਮੀਡੀਆ ਯੂ ਐਸ ਏ ਵੱਲੋ ਸੰਗਰੂਰ ਵਿਖੇ ਵਿਰਸੇ ਦੀ ਸ਼ਾਨ ਮੇਲਾ ਡੀ ਸੀ ਆਡੋਟੋਰੀਅਮ ਵਿਚ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਨਾਮਵਰ ਸਖਸੀਅਤਾ ਨੂੰ ਸੱਦਾ ਦਿੱਤਾ ਗਿਆ ਹੈ ਜਿਸ ਵਿੱਚ ਮੁੱਖ ਮਹਿਮਾਨ




ਵਜੋ ਮਿਸ ਅਮਰ ਨੂਰੀ ਜੀ ਪਹੁੰਚਕੇ ਸਨਮਾਨਿਤ ਕਰਨਗੇ ਅਤੇ ਹਰ ਵਰਗ ਦੀ ਉਮਰ ਦੇ ਕਲਾਕਾਰਾ ਨੂੰ ਮੌਕਾ ਦਿਤਾ ਜਾਵੇਗਾ ਆਪਣੀ ਕਲਾ ਦਾ ਜੌਹਰ ਵਿਖਾ ਸਕਣ ਤਾ ਜੋ ਵਿਰਸੇ ਨਾਲ ਜੁੜੇ ਲੋਕਾ ਰਾਹੀ ਮਨੋਰੰਜਨ ਕਰਕੇ ਮਾਣ ਵਧਾਇਆ ਜਾਵੇ। ਤੇ ਵਿਰਸਾ ਯਾਦ ਕਰਵਾਉਦੇ ਹੋਏ ਵਿਰਸਾ ਮਾਣਿਆ ਜਾਵੇ। ਬੀਨ ਰਿਕਾਡਜ ਦੀ ਮਨੇਜਰ ਸਿਮਰਨ ਸਰਾ, ਪਰਡਿਊਸਰ ਸ਼ੇਵਕ ਸਰਾ ਅਤੇ ਮੀਡੀਆ ਸਲਾਹਕਾਰ ਗੋਪੀ ਜੀਰੇਵਾਲਾ ਅਤੇ ਪਰਮਜੀਤ ਸਰਾ ਪਹੁੰਚ ਰਹੇ ਹਨ।ਸੰਗਰੂਰ ਵਿਖੇ ਹੋਵੇਗਾ 6ਵਾਂ ਵਿਰਸੇ ਦੀ ਸ਼ਾਨ ਮੇਲਾ ਵਿਸਾਖੀ ਦਾ 12 ਅਪ੍ਰੈਲ ਨੂੰ ਨਾਮਵਰ ਕਲਾਕਾਰ ਅਤੇ ਫ਼ਿਲਮੀ ਹਸਤੀਆਂ ਲਾਉਣਗੀਆਂ ਹਾਜ਼ਰੀ ਸਾਡੇ ਰੋਜ਼ਾਨਾ ਹਲਚਲ ਅਖਬਾਰ ਦੇ ਮੁੱਖ ਸੰਪਾਦਕ ਬੇਅੰਤ ਸਿੰਘ ਰੋਹਟੀ ਖਾਸ ਨਾਲ ਜੀ ਸਟਾਰ ਮਲਟੀਮੀਡੀਆ ਅਤੇ ਕਲਚਰ ਵੈਲਫੇਅਰ ਕਲੱਬ ਸੰਗਰੂਰ ਦੇ ਪ੍ਰਧਾਨ ਜੁਲਿਫਕਾਰ ਅਲੀ, ਮੀਤ ਪ੍ਰਧਾਨ ਸਤਵੰਤ ਸਿੰਘ ਭੁੱਲਰ, ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਬਾਵਾ, ਮੈਡਮ ਬਿੰਦੂ ਸਿੱਧੂ ਅਤੇ ਕਲੱਬ ਖਜ਼ਾਨਚੀ ਹਰਵਿੰਦਰ ਹੈਰੀ ਸਾਡੇ ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਸਤਿਕਾਰਯੋਗ ਮਾਤਾ ਜੀ ਹਰਪਾਲ ਕਰ ਮਾਨ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਡਾਂ ਗੁਰਪ੍ਰੀਤ ਕੌਰ ਮਾਨ ਵੀ ਪਹੁੰਚ ਰਹੇ ਹਨ। ਜੀ ਸਟਾਰ ਮਲਟੀਮੀਡੀਆ ਦੇ ਬੀਨਾ ਸਿੰਘ ਸਾਗਰ ਦੀ ਸਪੁੱਤਰੀ ਮਰਜੀਨਾ ਸਾਗਰ ਦੀ ਦੇਖ ਰੇਖ ਹੇਠ ਸਾਰਾ ਪ੍ਰੋਗਰਾਮ ਹੋਣ ਜਾ ਰਿਹਾ ਹੈ। ਭੁਪਿੰਦਰ ਸਿੰਘ ਨਾਭਾ, ਰਿਆਜ ਅਲੀ ਅਤੇ ਹੋਰ ਵੀ ਕਮੇਟੀ ਮੈਂਬਰਾਂ ਨੇ ਦੱਸਿਆ ਹੈ। ਕਿ ਇਸ ਮੇਲੇ ਵਿੱਚ ਜਿੰਨਾਂ ਸ਼ਖਸੀਅਤਾਂ ਨੇ ਸੰਗਰੂਰ ਲਈ ਅਪਣਾ ਯੋਗਦਾਨ ਪਾਇਆ ਹੈ। ਉਹਨਾਂ ਦਾ ਵਿਸੇਸ਼ ਸਨਮਾਨ ਕੀਤਾ ਜਾਵੇਗਾ। ਉਹਨਾਂ ਅੱਗੇ ਹੋਰ ਜਾਣਕਾਰੀ ਦਿੰਦਿਆ ਦੱਸਿਆ ਹੈ ਕਿ ਅਜੀਤਇੰਦਰ ਸਿੰਘ ਮਾਨਸ਼ਾਹੀਆ, ਸ੍ਰੀ ਸੰਜੀਵ ਕੁਮਾਰ ਗੋਇਲ, ਜੀ ਐਮ ਵੇਰਕਾ ਮਿਲਕ ਪਲਾਂਟ, ਜਨਾਬ ਹਰਦੀਪ ਸਿੰਘ ਪ੍ਰੋਡਿਊਸਰ ਡਾਇਰੈਕਟਰ, ਪ੍ਰੀਤੀ ਮਹੰਤ ਸੋਸ਼ਲ ਵਰਕਰ, ਗੁਰਪ੍ਰੀਤ ਭੁੱਚਰ ਚੇਅਰਮੈਨ ਮਾਨਸਾ, ਵਿੱਕੀ ਸਾਂਈ ਜੀ ਵਿਸੇਸ਼ ਤੌਰ ਤੇ ਪਹੁੰਚ ਰਹੇ ਹਨ ਅਤੇ ਸਟੇਜ ਸਕੱਤਰ ਦੀ ਡਿਊਟੀ ਰਫੀ ਅਵੀਰਾਜ ਨਿਭਾ ਰਹੇ ਹਨ ਸੋ ਆਓ ਆਪਣਾ ਵੀ ਮੇਲਾ ਵਿਸਾਖੀ ਦੇ ਪ੍ਰੋਗ੍ਰਾਮ ਦਾ ਆਨੰਦ ਲੈਦੇ ਹੋਏ ਆਪਣੀ

# ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਏਗੀ ‘ਪੰਜਾਬ ਸਿੱਖਿਆ ਕ੍ਰਾਂਤੀ’ ਮੁਹਿੰਮ

## ਚੇਅਰਮੈਨ ਦਲਵੀਰ ਸਿੰਘ ਢਿੱਲੋ ਅਤੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਧੂਰੀ/ ਸੰਗਰੂਰ, 11 ਅਪ੍ਰੈਲ, 2025: ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਅੱਜ ਸਰਕਾਰੀ ਹਾਈ ਸਕੂਲ ਬਰੜਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਲਵਾਨ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਚੇਅਰਮੈਨ ਦਲਵੀਰ ਸਿੰਘ ਢਿੱਲੋ ਨੇ ਕਿਹਾ ਕਿ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਨੂੰ ਸੰਵਾਰਨ ਲਈ ਜੋ ਸਿੱਖਿਆ ਕ੍ਰਾਂਤੀ ਨਾਮ ਦੀ ਮੁਹਿੰਮ ਚਲਾਈ ਹੈ ਉਸ ਨਾਲ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਹੈ। ਉਹਨਾਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਵਿੱਚ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ ਅਤੇ ਸਕੂਲ ਸਿੱਖਿਆ ਦੇ ਖੇਤਰ ਵਿੱਚ ਵੀ ਵੱਡੀਆਂ ਤੇ ਇਤਿਹਾਸਿਕ ਪ੍ਰਾਪਤੀਆਂ ਦਰਜ ਕੀਤੀਆਂ ਗਈਆਂ ਹਨ ਜਿਸ ਸਦਕਾ ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਮਨੋਬਲ ਵਧਿਆ ਹੈ।

ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਸਾਰੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਕਾਇਆਕਲਪ ਕੀਤਾ ਜਾ ਰਿਹਾ ਹੈ ਅਤੇ ਯੋਜਨਾਬੱਧ ਢੰਗ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸਕੂਲ ਅਤਿ ਆਧੁਨਿਕ ਸੁਵਿਧਾਵਾਂ ਤੋਂ ਵਾਂਝਾ ਨਹੀਂ ਰਹੇਗਾ।

ਅੱਜ ਬਰੜਵਾਲ ਸਕੂਲ ਵਿਖੇ 20.75 ਲੱਖ ਰੁਪਏ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਵਿੱਚ 13.40 ਲੱਖ ਰੁਪਏ ਅਤੇ ਪ੍ਰਾਇਮਰੀ ਸਕੂਲ ਭਲਵਾਨ ਵਿੱਚ 47.91 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸ੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵੱਲੋਂ ਆਯੋਜਿਤ ਵਿਸ਼ਾਲ ਝੰਡਾ ਯਾਤਰਾ ਵਿੱਚ ਕੀਤੀ ਸ਼ਿਰਕਤ

## ਸ਼ਰਧਾਲੂਆਂ ਨੂੰ ਮੁਬਾਰਕਬਾਦ ਭੇਟ, ਸਰਬੱਤ ਦੇ ਭਲੇ ਲਈ ਕੀਤੀ ਅਰਦਾਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਸੁਨਾਮ ਊਧਮ ਸਿੰਘ ਵਾਲਾ, 11 ਅਪ੍ਰੈਲ, 2025: ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵੱਲੋਂ ਆਯੋਜਿਤ ਵਿਸ਼ਾਲ ਝੰਡਾ ਯਾਤਰਾ ਦੀ ਸ਼ੁਰੂਆਤ ਮੰਦਿਰ ਸ਼੍ਰੀ ਨੈਣਾ ਦੇਵੀ ਸੁਨਾਮ ਤੋਂ ਕੀਤੀ। ਇਸ ਮੌਕੇ ਸਾਰਾ ਸ਼ਹਿਰ ਧਾਰਮਿਕ ਰੰਗ ਵਿੱਚ ਰੰਗਿਆ ਗਿਆ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ



ਕਿ ਇਹ ਇੱਕ ਸੁਭਾਗਾ ਮੌਕਾ ਹੈ ਜਦੋਂ ਹਜ਼ਾਰਾਂ ਸ਼ਰਧਾਲੂਆਂ ਦੇ ਨਾਲ ਉਹ ਇਸ ਵਿਸ਼ਾਲ ਝੰਡਾ ਯਾਤਰਾ ਦਾ ਹਿੱਸਾ ਬਣੇ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕਿਹਾ ਕਿ ਹਰ ਸਾਲ ਇਹ ਪਵਿੱਤਰ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਹਨਾਂ ਨੇ ਸ੍ਰੀ ਬਾਲਾ ਜੀ ਦੇ ਸ਼ਰਧਾਲੂਆਂ ਨੂੰ ਮੁਬਾਰਕਬਾਦ ਭੇਟ ਕੀਤੀ ਅਤੇ ਵਿਸ਼ਵਾਸ ਦਵਾਇਆ ਕਿ ਉਹ ਭਵਿੱਖ ਵਿੱਚ ਵੀ ਇਸ ਮਹੱਤਵਪੂਰਨ ਧਾਰਮਿਕ ਸਮਾਗਮ ਵਿੱਚ ਸ਼ਾਮਿਲ ਹੁੰਦੇ ਰਹਿਣਗੇ।

ਇਸ ਮੌਕੇ ਸ਼੍ਰੀ ਅਮਨ ਅਰੋੜਾ ਨੇ ਬਾਲਾ ਜੀ ਦੀ ਪਾਲਕੀ ਚਲਾਉਣ ਦੀ ਸੇਵਾ ਵੀ ਨਿਭਾਈ।

ਇਸ ਮੌਕੇ ਜਤਿੰਦਰ ਜੈਨ,ਰਵੀ ਗੋਇਲ, ਰਾਮ ਕੁਮਾਰ, ਮਨਪ੍ਰੀਤ ਬਾਂਸਲ, ਅਮਰੀਕ ਸਿੰਘ ਧਾਲੀਵਾਲ, ਮਨੀ ਸੋਨੀ, ਮਨੀ ਸਰਾਓ, ਗੌਰਵ ਜਨਾਲੀਆ, ਬਲਾਕ ਪ੍ਰਧਾਨ ਸਾਹਿਬ ਸਿੰਘ ਬਲਾਕ ਪ੍ਰਧਾਨ, ਸੰਦੀਪ ਜਿੰਦਲ, ਵਿਕਰਮ ਗਰਗ ਵਿੱਕੀ, ਸੁਮਿਤ ਬਦਲਿੰਸ ਸਮੇਤ ਹੋਰ ਸ਼ਰਧਾਲੂ ਵੀ ਹਾਜ਼ਰ ਸਨ।

# ਖੁੱਤਣ ਜਠੇਰਿਆਂ ਦਾ ਗੋਤਰ ਮੇਲਾ ਵਿਸਾਖੀ ਵਾਲੇ ਦਿਨ 13 ਨੂੰ ਢੱਕ ਮਜਾਰਾ ਵਿਖੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ (ਦੀਪਾ)-ਹਰ ਸਾਲ ਦੀ ਤਰਾਂ ਇਸ ਸਾਲ ਵੀ ਖੁੱਤਣ ਗੋਤਰ ਜਠੇਰਿਆਂ ਦਾ ਮੇਲਾ ਵਿਸਾਖੀ ਵਾਲੇ ਦਿਨ ਐਤਵਾਰ ਨੂੰ ਕਰੀਬੀ ਪਿੰਡ ਢੱਕ ਮਜਾਰਾ ਵਿਖੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ | ਇਸ ਸੰਬੰਧ ‘ਚ ਜਾਮਕਾਰੀ ਦਿੰਦਿਆਂ ਸ੍ਰੀ ਜਮਨ ਲਾਲ ਰਿਟਾਇਰਡ ਐੱਫ. ਸੀ. ਆਈ ਅਫਸਰ ਤੇ ਸਮੂਹ ਅਹੁਦੇਦਾਰਾਂ ਨੇ ਦੱਸਿਆ ਕਿ ਇਸ ਮੌਕੇ ਸਵੇਰੇ ਝੰਡੇ ਦੀ ਰਸਮ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ ਜਾਵੇਗੀ | ਉਪਰੰਤ ਧਾਰਮਿਕ ਸਟੇਜ ਸਜਾਈ ਜਾਵੇਗੀ | ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ |

# ਅਪੀਲ ਕੀਤੀ ਜਾਂਦੀ ਹੈ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਪਟਿਆਲਾ ਵੱਲੋਂ

## ਹਾਈ ਕਮਾਨ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਤੇ ਜ਼ਿਲ੍ਹਾ ਪੱਧਰੀ ਪੰਜਾਬ ਸੰਭਾਲੋ ਰੈਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਮਿਤੀ 14ਅਪਰੈਲ 2025 ਦਿਨ ਸੋਮਵਾਰ ਨੂੰ ਪਟਿਆਲਾ ਜ਼ਿਲ੍ਹੇ ਦੇ ਵਿਧਾਨ ਸਭਾ ਦਿਹਾਤੀ ਦੇ ਪਿੰਡ ਬਾਰਨ ਸਰਹਿੰਦ ਰੋਡ ਪਟਿਆਲਾ ਵਿਖੇ ਵੱਡੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਮੁੱਖ ਮਹਿਮਾਨ ਸ੍ਰੀ ਵਿਪਲ ਕੁਮਾਰ ਇੰਚਾਰਜ ਬਹੁਜਨ ਸਮਾਜ ਪਾਰਟੀ ਪੰਜਾਬ ਅਤੇ ਚੰਡੀਗੜ੍ਹ ਅਤੇ ਵਿਸ਼ੇਸ਼ ਮਹਿਮਾਨ ਬਲਦੇਵ ਸਿੰਘ ਮਹਿਰਾ ਜਰਨਲ ਸਕੱਤਰ ਬਸਪਾ ਪੰਜਾਬ ਜੋਨ ਇੰਚਾਰਜ ਪਟਿਆਲਾ ਸਰਦਾਰ ਜੋਗਾ ਸਿੰਘ ਪਨੋਦੀਆ ਸੂਬਾ ਆਗੂ ਜੋਨ ਇੰਚਾਰਜ ਪਟਿਆਲਾ ਪਹੁੰਚ ਰਹੇ ਹਨ ਇਸ ਸਮਾਗਮ ਦੀ ਪ੍ਰਧਾਨਗੀ ਸਰਦਾਰ ਮੇਜ਼ਰ ਸਿੰਘ ਟਿੱਬੀ ਜ਼ਿਲ੍ਹਾ ਪ੍ਰਧਾਨ ਪਟਿਆਲਾ ਕਰਨਗੇ ਜ਼ਿਲ੍ਹਾ ਪਟਿਆਲਾ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੇ ਸਾਰੇ ਅਹੁਦੇਦਾਰਾਂ ਵਰਕਰ ਸਮਰਥਕਾਂ ਅਤੇ ਸਪੋਟਰਾ ਸਮੂਹ ਪੰਜਾਬੀਆਂ ਨੂੰ ਪੰਜਾਬ ਹਿਤਾਇਸੀਆਂ ਨੂੰ ਪੰਜਾਬ ਦੇ ਦਰਦ ਮੰਦਾ ਅਤੇ ਬੁੱਧੀਜੀਵੀਆਂ ਨੂੰ ਵੱਡੀ ਗਿਣਤੀ ਵਿਚ ਉਪਰੋਕਤ ਸਮੇਂ ਤੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ਵੱਲੋਂ ਜ਼ਿਲ੍ਹਾ ਕਮੇਟੀ ਬਹੁਜਨ ਸਮਾਜ ਪਾਰਟੀ ਪਟਿਆਲਾ ਅਤੇ ਸਮੂਹ ਨਗਰ ਨਿਵਾਸੀਆਂ ਬਾਰਨ

# ਰੰਗਾਰੰਗ ਪ੍ਰੋਗਰਾਮ *ਵਿਸਾਖੀ ਮੇਲਾ 2025* *ਡੀ ਡੀ ਪੰਜਾਬੀ ਚੈਨਲ ਤੇ 13 ਅਪ੍ਰੈਲ ਰਾਤ 8 30 ਤੇ ਤੂੰ 9 ਵਜੇ ਤੱਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com






11ਅਪ੍ਰੈਲ 2025 (ਬੇਅੰਤ ਸਿੰਘ ਰੋਹਟੀ ਖਾਸ ਰਮੇਸ਼ ਨੁੰਸੀਵਾਲ ਤੇ ਸਰਗੁਣ ਮਿਊਜ਼ਿਕ ਦੀ ਪੇਸ਼ਕਸ਼ ਵਿਸਾਖੀ ਦੇ ਸ਼ੁੱਭ ਦਿਹਾੜੇ ਤੇ ਰੰਗਾਰੰਗ ਪ੍ਰੋਗਰਾਮ *ਵਿਸਾਖੀ ਮੇਲਾ 20 25* 13 ਅਪ੍ਰੈਲ ਦਿਨ ਐਤਵਾਰ ਰਾਤ 8 30 ਵਜੇ ਤੋਂ 9 ਵਜੇ ਤੱਕ ਡੀ ਡੀ ਪੰਜਾਬੀ ਤੇ ਪ੍ਰਸਾਰਿਤ ਹੋਵੇਗਾ।ਇਸ ਪ੍ਰੋਗਰਾਮ ਸਬੰਧੀ ਪ੍ਰੋਡਿਊਸਰ ਅਤੇ ਪ੍ਰਸਿੱਧ ਗਾਇਕ ਰਮੇਸ਼ ਨੁੰਸੀਵਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ ਵੱਖ ਕਲਾਕਾਰ ਆਪਣੀ ਹਾਜ਼ਰੀ ਭਰਨਗੇ। ਜਿਸ ਵਿੱਚ ਪ੍ਰਸਿੱਧ ਤੇ ਸੁਰੀਲੇ ਗਾਇਕ ਰਾਏ ਜੁਝਾਰ ਤੇ ਅਮਨ ਕੌਰ, ਦਲਵਿੰਦਰ ਦਿਆਲਪੁਰੀ, ਰਮੇਸ਼ ਨੁੰਸੀਵਾਲ ਰਵਿੰਦਰ ਰਮਤਾ ਲੰਡਨ, ਅਮਰਪ੍ਰੀਤ ,ਸਰਬਜੀਤ ਫੁੱਲ ਤੇ ਪ੍ਰੀਤ ਸਮਰਾਲਾ ਸਤਪਾਲ ਬੱਲ ,ਪ੍ਰਸਿੱਧ ਕਮੇਡੀ ਕਲਾਕਾਰ ਸੰਤਾਂ ਬੰਤਾ, ਸ਼ੁਗਲੀ ਜੁਗਲੀ ਇਸ ਪ੍ਰੋਗਰਾਮ ਵਿੱਚ ਹਾਜਰੀ ਭਰਨਗੇ।ਇਸ ਪ੍ਰੋਗਰਾਮ ਦੀ ਐਂਕਰਿੰਗ ਨਿਭਾਈ ਹੈ ਪ੍ਰਸਿੱਧ ਟੀਵੀ ਕਲਾਕਾਰ ਪੁਸ਼ਪਿੰਦਰ ਕੌਰ ਇਸਦੀ ਵੀਡੀਓਗ੍ਰਾਫੀ ਕੀਤੀ ਹੈ ਨਰੇਸ਼ ਝੰਮਟ ਜੀ ਨੇ, ਰਮੇਸ਼ ਨੁੰਸੀਵਾਲ ਨੇ ਕੇਕੇ ਸੱਭਰਵਾਲ, ਜਸਵਿੰਦਰ ਆਜ਼ਾਦ , ਅਤੇ ਬੇਅੰਤ ਸਿੰਘ ਰੋਹਟੀ ਖਾਸ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਇਹ ਪ੍ਰੋਗਰਾਮ 13 ਤਰੀਕ ਨੂੰ ਦੂਰਦਰਸ਼ਨ ਦੇ ਪ੍ਰੋਗਰਾਮ ਤੋਂ ਬਾਅਦ ਸਾਰੀਆਂ ਸੋਸ਼ਲ ਸਾਈਟਸ ਤੇ ਯੂਟੀਊਬ ਤੇ ਤੁਸੀਂ ਦੇਖ ਸਕਦੇ ਹੋ ਇਹ ਸਾਰਾ ਪ੍ਰੋਗਰਾਮ ਬਿਹਤਰੀਨ ਲੋਕੇਸ਼ਨਾਂ ਤੇ ਫਿਲਮਾਇਆ ਗਿਆ ਹੈ ਤੇ ਸਾਰੇ ਗੀਤ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬੱਚਨ ਵੱਧ ਹਨ ਰਮੇਸ਼ ਨੁੰਸੀਵਾਲ ਨੇ ਆਸ ਪ੍ਰਗਟਾਈ ਕਿ ਇਹ ਪ੍ਰੋਗਰਾਮ ਸਾਡੇ ਪਹਿਲਾਂ ਦੇ ਟੈਲੀਕਾਸਟ ਕੀਤੇ ਗਏ ਪ੍ਰੋਗਰਾਮਾਂ ਵਾਂਗ ਦੇਸ਼ ਵਿਦੇਸ਼ ਵਿੱਚ ਬੈਠੇ ਦਰਸ਼ਕਾਂ ਤੇ ਸਰੋਤਿਆਂ ਨੂੰ ਬਹੁਤ ਪਸੰਦ ਆਏਗਾ।

# ਬਜਟ ਇਜਲਾਸ ਉਪਰੰਤ ਗੜ੍ਹਸ਼ੰਕਰ ਬਾਈਪਾਸ ਨੂੰ ਸਿਧਾਂਤਕ ਪ੍ਰਵਾਨਗੀ ਮਿਲਣ ਤੇ ਡਿਪਟੀ ਸਪੀਕਰ ਰੌੜੀ ਵਲੋਂ ਮੁੱਖ ਮੰਤਰੀ ਦਾ ਵਿਸ਼ੇਸ਼ ਧੰਨਵਾਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

ਗੜ੍ਹਸ਼ੰਕਰ, 11 ਅਪ੍ਰੈਲ : (ਬਲਵੀਰ ਚੌਪੜਾ )ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪੰਜਾਬ ਸਰਕਾਰ ਵਲੋਂ ਬਜਟ ਇਜਲਾਸ ਉਪਰੰਤ ਗੜ੍ਹਸ਼ੰਕਰ ਵਿਖੇ ਬਣਨ ਵਾਲੇ ਬਾਈਪਾਸ ਪ੍ਰੋਜੈਕਟ ਨੂੰ ਸਿਧਾਂਤਕ ਮਨਜ਼ੂਰੀ ਦੇਣ 'ਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਲਾਕੇ ਦੀ ਬਹੁਤ ਵੱਡੀ ਅਤੇ ਚਰੋਕਣੀ ਮੰਗ ਨੂੰ ਪੂਰਾ ਕੀਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਚੇਚੇ ਤੌਰ 'ਤੇ ਧੰਨਵਾਦ ਕਰਦਿਆਂ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਲੋਕਾਂ ਦੀ ਮੰਗ ਅਤੇ ਸਮੇਂ ਦੀ ਲੋੜ ਅਨੁਸਾਰ ਬਾਈਪਾਸ ਪ੍ਰੋਜੈਕਟ ਮੁਕੰਮਲ ਹੋਣ ਨਾਲ ਗੜ੍ਹਸ਼ੰਕਰ ਖੇਤਰ ਨੂੰ ਹੀ ਨਹੀਂ ਸਗੋਂ ਗੁਆਂਢੀ ਸੂਬਿਆਂ ਲਈ ਵੀ ਆਵਾਜਾਈ ਹੋਰ ਸੁਖਾਲੀ ਹੋ ਜਾਵੇਗੀ। ਡਿਪਟੀ ਸਪੀਕਰ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਵਲੋਂ ਪਿਛਲੀਆਂ ਸਰਕਾਰਾਂ ਕੋਲ ਅਨੇਕਾਂ ਵਾਰ ਇਸ ਬੇਹੱਦ ਸੰਜੀਦਾ ਮੁੱਦੇ ਨੂੰ ਰੱਖਿਆ ਗਿਆ ਪਰ ਕਿਸੇ ਨੇ ਵੀ ਇਸ ਲੋਕ ਪੱਖੀ ਪ੍ਰੋਜੈਕਟ 'ਤੇ ਗਹੁ ਨਾਲ ਵਿਚਾਰ ਨਾ ਕਰਦਿਆਂ ਇਸ ਮੰਗ ਨੂੰ ਅੱਖੋਂ ਪਰੋਖੇ ਹੀ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੂਰੇ ਪ੍ਰੋਜੈਕਟ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਹੁਣ ਸਿਧਾਂਤਕ



ਮਨਜ਼ੂਰੀ ਦੇ ਦਿੱਤੀ ਗਈ ਹੈ । ਪੰਜਾਬ ਸਰਕਾਰ ਵਲੋਂ ਪ੍ਰੋਜੈਕਟ ਦੀ ਫਿਜੀਬਿਲਿਟੀ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਤਾਂ ਜੋ ਬਾਈਪਾਸ ਦਾ ਕੰਮ ਜਲਦ ਤੋਂ ਜਲਦ ਅਤੇ ਨਿਰਧਾਰਤ ਸਮੇਂ ਵਿਚ ਪੂਰਾ ਕਰਵਾਇਆ ਜਾ ਸਕੇ।

# ਪੰਜਾਬ ਦੇ ਸਰਕਾਰੀ/ਸਹਾਇਤਾ ਪ੍ਰਾਪਤ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ

## 6ਵੇਂ ਤਨਖਾਹ ਕਮਿਸ਼ਨ, ਯੂਜੀਸੀ ਤੇ ਏਆਈਸੀਟੀਈ ਸਕੇਲਾਂ ਅਨੁਸਾਰ ਸੋਧੀ ਹੋਈ ਤਨਖ਼ਾਹ, ਪੈਨਸ਼ਨ, ਛੁੱਟੀ ਐਨਕੈਸ਼ਮੈਂਟ ਤੇ ਗ੍ਰੈਚੁਟੀ ਦੇ ਬਕਾਏ ਦਾ ਭੁਗਤਾਨ ਮੁਲਾਜ਼ਮਾਂ ਨੂੰ 8 ਕਿਸ਼ਤਾਂ ਚ ਮਿਲੇਗਾ ਛੇਵੇਂ ਪੇ ਕਮਿਸ਼ਨ ਦਾ ਬਕਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com

13ਅਪ੍ਰੈਲ 2025 (ਬੇਅੰਤ ਸਿੰਘ ਰੋਹਟੀ ਖਾਸ)

ਪੰਜਾਬ ਸਰਕਾਰ ਨੇ ਸ ਰ ਕਾ ਰੀ / ਸ ਹਾ ਇ ਤਾ ਪ੍ਰਾਪਤ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 6ਵੇਂ ਤਨਖਾਹ ਕਮਿਸ਼ਨ, ਯੂਜੀਸੀ ਤੇ ਏਆਈਸੀਟੀਈ ਸਕੇਲਾਂ ਅਨੁਸਾਰ ਸੋਧੀ ਹੋਈ ਤਨਖ਼ਾਹ, ਪੈਨਸ਼ਨ, ਛੁੱਟੀ ਐਨਕੈਸ਼ਮੈਂਟ ਤੇ ਗ੍ਰੈਚੁਟੀ ਦੇ ਬਕਾਏ ਦਾ ਭੁਗਤਾਨ ਅੱਠ ਕਿਸ਼ਤਾਂ 'ਚ ਕਰਨ ਦਾ ਫ਼ੈਸਲਾ ਕੀਤਾ ਹੈ। ਵਿੱਤ ਵਿਭਾਗ ਵੱਲੋਂ ਜਾਰੀ ਆਦੇਸ਼ ਮੁਤਾਬਕ, 1 ਜਨਵਰੀ, 2016 ਤੋਂ 30 ਜੂਨ, 2021 ਤੱਕ ਲਈ ਬਕਾਏ ਵੰਡੇ ਜਾਣਗੇ। ਇਹ ਫ਼ੈਸਲਾ 13 ਫਰਵਰੀ ਨੂੰ ਹੋਈ ਇਕ ਮੀਟਿੰਗ 'ਚ ਮੰਤਰੀ ਮੰਡਲ ਵੱਲੋਂ ਪ੍ਰਵਾਨਗੀ ਤੋਂ ਬਾਅਦ ਲਿਆ ਗਿਆ ਹੈ। ਇਸ ਦਾ ਲਾਭ ਪਸ਼ੂ ਪਾਲਣ, ਤਕਨੀਕੀ ਸਿੱਖਿਆ, ਖੇਤੀਬਾੜੀ, ਸਕੂਲ ਸਿੱਖਿਆ ਤੇ ਉੱਚ ਸਿੱਖਿਆ ਤੇ ਭਾਸ਼ਾਵਾਂ ਵਿਭਾਗਾਂ ਅਧੀਨ ਸਰਕਾਰੀ / ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਦੇ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਹੋਵੇਗਾ । ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤੀ ਖਰਚ-2 ਸ਼ਾਖਾ) ਦੇ ਮੈਮੋ ਨੰ 64-65-201 (S5)/5/2025-3652/9/ 107/953 ਮਿਤੀ, 07/04/2025 ਚੰਡੀਗੜ੍ਹ ਵਿਸ਼ਾ : ਸਰਕਾਰ ਦੇ ਕਰਮਚਾਰੀਆਂ/ ਪੈਨਸ਼ਨਰਾਂ ਨੂੰ ਸੋਧੀ ਹੋਈ ਤਨਖਾਹ/ਪੈਨਸ਼ਨ ਅਤੇ ਲੀਵ ਐਨਕੈਸ਼ਮੈਂਟ ਦੇ ਬਕਾਏ ਬਾਰੇ। /ਸਹਾਇਤਾ ਪ੍ਰਾਪਤ ਸਕੂਲ ਅਤੇ ਕਾਲਜ, ਯੂਨੀਵਰਸਿਟੀਆਂ ਆਦਿ ਦੇ ਸੋਧੇ ਹੋਏ 6ਵੇਂ ਤਨਖਾਹ ਸਕੇਲਾਂ ਦੇ ਅਨੁਸਾਰ । ਸਰ/ ਮੈਡਮ, ਮੈਨੂੰ ਤੁਹਾਨੂੰ ਸੂਚਿਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ ਕਿ ਸਰਕਾਰ ਨੇ ਸਰਕਾਰੀ/ਏਡਿਡ ਸਕੂਲਾਂ ਅਤੇ ਕਾਲਜਾਂ ਦੇ ਕਰਮਚਾਰੀਆਂ/ਪੈਨਸ਼ਨਰਾਂ, ਕਰਮਚਾਰੀਆਂ ਨੂੰ 6ਵੇ ਸੰਸ਼ੋਧਿਤ ਤਨਖਾਹ ਸਕੇਲਾਂ ਦੇ ਅਨੁਸਾਰ ਸੰਸ਼ੋਧਿਤ ਤਨਖਾਹ / ਪੈਨਸ਼ਨ, ਲੀਵ ਐਨਕੈਸ਼ਮੈਂਟ ਅਤੇ ਗ੍ਰੈਚੁਟੀ ਦੇ ਬਕਾਏ ਦਾ ਭੁਗਤਾਨ ਕਰਨ ਦਾ ਫੈਸਲਾ ਕੀਤਾ ਹੈ

(ਏ) 01.01.2016 ਤੋਂ 30.06.2021 ਦੀ ਮਿਆਦ ਲਈ 6ਵੀਂ ਪੀਪੀਸੀ, ਯੂਜੀਸੀ, ਏਆਈਸੀਟੀਈ ਆਦਿ ਦੇ ਅਨੁਸਾਰ ਸਰਕਾਰੀ / ਸਹਾਇਤਾ ਪ੍ਰਾਪਤ ਸਕੂਲਾਂ ਅਤੇ ਕਾਲਜਾਂ / ਯੂਨੀਵਰਸਿਟੀਆਂ ਆਦਿ ਦੇ ਕਰਮਚਾਰੀਆਂ / ਪੈਨਸ਼ਨਰਾਂ ਨੂੰ ਸੋਧੀ ਹੋਈ ਤਨਖਾਹ / ਪੈਨਸ਼ਨ ਅਤੇ ਛੁੱਟੀ ਦੀ ਨਕਦੀ ਦਾ ਬਕਾਇਆ ਰਾਜ ਦੇ ਕਰਮਚਾਰੀਆਂ / ਸਰਕਾਰੀ ਕਰਮਚਾਰੀਆਂ ਲਈ ਪਹਿਲਾਂ ਹੀ ਸੀਏਬੀਨ ਯੋਜਨਾ ਦੇ ਅਨੁਸਾਰ ਅਦਾ ਕੀਤਾ ਜਾਵੇਗਾ। ਮਿਤੀ 13.02.2025 ਨੂੰ ਹੋਈ ਮੀਟਿੰਗ ਅਤੇ ਇਸ ਸਬੰਧ ਵਿੱਚ ਹਦਾਇਤਾਂ 64 ਰਾਹੀਂ ਪੱਤਰ ਨੰਬਰ 03/01/2021-16P1/12, ਮਿਤੀ 18.02.2025 ਦੁਆਰਾ ਜਾਰੀ ਕੀਤੀਆਂ ਗਈਆਂ ਸਨ ।

(ਬੀ) ਸਹਾਇਤਾ ਪ੍ਰਾਪਤ ਸਕੂਲਾਂ ਦੇ ਪੈਨਸ਼ਨਰਾਂ / ਕਰਮਚਾਰੀਆਂ ਨੂੰ (01.07.2021 ਤੋਂ 30.06.2024 ਤੱਕ), ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ, ਆਦਿ ਲਈ 6ਵੇਂ ਤਨਖਾਹ ਕਮਿਸ਼ਨ, ਦੇ ਅਨੁਸਾਰ, 01.07.2020/2020 ਤੱਕ ਦੀ ਮਿਆਦ ਲਈ ਸੋਧੀ ਹੋਈ ਤਨਖਾਹ/ ਪੈਨਸ਼ਨ ਦਾ ਬਕਾਇਆ (2017/2020 ਤੱਕ ਪੀ. ਅੱਠ ਬਰਾਬਰ ਤਿਮਾਹੀ ਕਿਸ਼ਤ ਵਿੱਚ ਭੁਗਤਾਨ ਕੀਤਾ ਜਾਵੇਗਾ। ਪਹਿਲੀਆਂ 04 ਕਿਸ਼ਤਾਂ ਦਾ ਭੁਗਤਾਨ ਵਿੱਤੀ ਸਾਲ 2026-27 ਵਿੱਚ ਕੀਤਾ ਜਾਵੇਗਾ ਅਤੇ ਅਗਲੀ 04 ਕਿਸ਼ਤਾਂ ਦਾ ਭੁਗਤਾਨ ਵਿੱਤੀ ਸਾਲ 2027-2028 ਵਿੱਚ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ:- 2026-2027 ਪਹਿਲੀ ਕਿਸ਼ਤ- ਜੂਨ, 2026, ਦੂਜੀ ਕਿਸ਼ਤ- ਸਤੰਬਰ, 2026, ਤੀਜੀ ਕਿਸ਼ਤ- ਦਸੰਬਰ, 2026, ਚੌਥੀ ਕਿਸ਼ਤ- ਮਾਰਚ, 2027, 2027-2028 ਪਹਿਲੀ ਕਿਸ਼ਤ- ਜੂਨ, 2027, ਦੂਜੀ ਕਿਸ਼ਤ- ਸਤੰਬਰ, 2027, ਤੀਜੀ ਕਿਸ਼ਤ- ਦਸੰਬਰ, 2027, ਚੌਥੀ ਕਿਸ਼ਤ- ਮਾਰਚ, 2028 ਸੰਸ਼ੋਧਿਤ ਲੀਵ ਐਨਕੈਸ਼ਮੈਂਟ ਦੇ ਬਕਾਏ (01.07.2021 ਤੋਂ) - 01.07.2021 ਤੋਂ ਬਾਅਦ ਸੇਵਾਮੁਕਤ ਹੋਏ ਸਾਰੇ ਅਦਾਰਿਆਂ ਦੇ ਕਰਮਚਾਰੀਆਂ ਦੇ ਸੰਸ਼ੋਧਿਤ ਲੀਵ ਐਨਕੈਸ਼ਮੈਂਟ ਦੇ ਬਕਾਏ ਦਾ ਭੁਗਤਾਨ 04 ਬਰਾਬਰ ਤਿਮਾਹੀ ਕਿਸ਼ਤਾਂ ਵਿੱਚ ਕੀਤਾ ਜਾਵੇਗਾ ((ਜੂਨ 2026 , ਸਤੰਬਰ, 2026 , ਦਸੰਬਰ 2026 ,ਅਤੇ ਮਾਰਚ, 2027) । ਇਹ ਪੱਤਰ ਮਾਨਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

# ਗੁਰਜੰਟ ਨਿਜ਼ਾਮਪੁਰ ਹਲਕਾ ਸਨੌਰ ਦੇ ਬਣੇ ਐਸਸੀ ਵਿੰਗ ਦੇ ਚੇਅਰਮੈਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ INTERNATIONAL PAPER, 94636 01616 hardipchumber57@gmail.com



11ਅਪ੍ਰੈਲ 2025( ਬੇਅੰਤ ਸਿੰਘ ਰੋਹਟੀ ਖਾਸ) ਗੁਰਜੰਟ ਨਿਜ਼ਾਮਪੁਰ ਨੂੰ ਹਲਕਾ ਸਨੌਰ ਦਾ ਐਸੀ ਵਿੰਗ ਦਾ ਚੇਅਰਮੈਨ ਲਗਾਇਆ ਗਿਆ ਇਸ ਮੌਕੇ ਤੇ ਉਹਨਾਂ ਨੇ ਦੱਸਿਆ ਕਾਂਗਰਸ ਪਾਰਟੀ ਪ੍ਰਧਾਨ ਰਾਜਾ ਬੜਿੰਗ ਸਾਬ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਸਾਬ ਹਲਕਾ ਇਨਚਾਰਜ ਸਰਦਾਰ ਹਰਿੰਦਰ ਪਾਲ ਸਿੰਘ ਹੈਰੀਮਾਨ ਜੀ ਜੋਗਿੰਦਰ ਸਿੰਘ ਕਾਕੜਾ ਹਰ ਵੀਰ ਬਿੰਦ ਬਲਾਕ ਪ੍ਰਧਾਨ ਭੂਨਰਹੇਰੀ ਅਸ਼ਵਨੀ ਬੱਤਾ ਬਲਾਕ ਪ੍ਰਧਾਨ ਸਨੌਰ ਮਹਿਕ ਗਰੇਵਾਲ ਕੁਲਦੀਪ ਸਿੰਘ ਵੇਦ ਸਾਬ ਐਸ ਸੀ ਵਿੰਗ ਪੰਜਾਬ ਜ਼ਿਲਾ ਪਟਿਆਲਾ ਦੇ ਚੇਅਰਮੈਨ ਕੁਲਵਿੰਦਰ ਸਿੰਘ ਜੀ ਦਾ ਮੈ ਦਿਲ ਦੀ ਗਹਿਰਾਇਆ ਤੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਲਾਇਕ ਸਮਝਿਆ ਤੇ ਮੈਨੂੰ ਇੰਨਾ ਮਾਣ ਦਿੱਤਾ ਮੈ ਵਿਸ਼ਵਾਸ ਦਿਵਾਉਂਦਾ ਹਾ ਕੇ ਜੋ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ ਮੈ ਉਸ ਨੂੰ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਮੇਰੇ ਵੱਲੋਂ ਮਿਹਨਤ ਕਰਨ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ ਮੈ ਮਿਹਨਤ ਕਰਕੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਾਗਾ ਇਸ ਮੌਕੇ ਤੇ ਮਹਿਕ ਗਰੇਵਾਲ ਤਿਲਕ ਰਾਜ ਸ਼ਰਮਾ ਪ੍ਰਨਵ ਗੋਇਲ ਟਿੰਕੂ ਕੇਸਲਾ ਕਰਮਜੀਤ ਲਚਕਾਨੀ ਸਜੀਵ ਸਰਮਾ ਸ਼ਮਸ਼ੇਰ ਸਿੰਘ ਨੂਰਖੇੜੀਆ ਜੱਗੀ ਭੰਬੂਆ ਲਖਵਿੰਦਰ ਸਿੰਘ ਬਠਲਾ ਪਰਮਜੀਤ ਸਿੰਘ ਘਨੋਰ ਸੋਨੀ ਨਾਭਾ ਰੁਜਿੰਦਰ ਸਿੰਘ ਰੂਪਾਲਾ ਹਰਦੀਪ ਸਿੰਘ ਘੱਗਾ ਜਸਵੀਰ ਸਿੰਘ ਰਾਜਪੁਰਾ ਆਦਿ ਹਾਜਰ ਸਨ

# ਬੀਜ ਡੀਲਰਾਂ ਨੂੰ 'ਸਾਥੀ' ਐਪ ਸਬੰਧੀ ਦਿੱਤੀ ਸਿਖਲਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਬੰਗਾ ਰੋਡ ਸਥਿਤ ਬਲਾਕ ਖੇਤੀਬਾੜੀ ਦਫ਼ਤਰ ਨਵਾਂਸ਼ਹਿਰ ਵਿਖੇ ਖੇਤੀਬਾੜੀ ਅਫ਼ਸਰ ਬਲਾਕ ਨਵਾਂਸ਼ਹਿਰ ਡਾ. ਰਾਜ ਕੁਮਾਰ ਦੀ ਅਗਵਾਈ ਹੇਠ ਬਲਾਕ ਨਵਾਂਸ਼ਹਿਰ ਦੇ ਸਮੂਹ ਬੀਜ ਡੀਲਰਾਂ ਨੂੰ 'ਸਾਥੀ' ਐਪ ਬਾਰੇ ਸਿਖਲਾਈ ਦਿੱਤੀ ਗਈ। ਇਸ ਮੌਕੇ ਡਾ. ਰਾਜ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਦੇ ਹੁਕਮਾਂ ਅਨੁਸਾਰ ਹਰੇਕ ਬੀਜ ਦੀ ਵਿਕਰੀ ਸਾਥੀ ਪੋਰਟਲ ਰਾਹੀਂ ਕੀਤੀ ਜਾਵੇਗੀ l ਉਨ੍ਹਾਂ ਕਿਹਾ ਕਿ ਬੀਜ ਡੀਲਰ ਵਿਕਰੇਤਾ ਇਸ ਸੀਜ਼ਨ ਦੌਰਾਨ ਬੀਜਾਂ ਦੀ ਵਿਕਰੀ ਪੋਰਟਲ 'ਤੇ ਆਨਲਾਈਨ ਕਰਨ ਅਤੇ ਪੋਰਟਲ 'ਤੇ ਬੀਜਾਂ ਸਬੰਧੀ ਲੋੜੀਂਦੀ ਜਾਣਕਾਰੀ ਭਰੀ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੇ ਹਾਈਬ੍ਰਿਡ ਬੀਜਾਂ ਅਤੇ ਪੂਸਾ 44 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ, ਇਸ ਕਰਕੇ ਕੋਈ ਵੀ ਡੀਲਰ ਇਨ੍ਹਾਂ ਬੀਜਾਂ ਦੀ ਵਿਕਰੀ ਨਾ ਕਰੇ। ਬਲਾਕ ਨਵਾਂਸ਼ਹਿਰ ਦੇ ਸਾਥੀ ਐਪ ਦੇ ਨੋਡਲ ਅਫ਼ਸਰ ਡਾ. ਕੁਲਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਸਾਰੇ ਡੀਲਰਾਂ ਨੂੰ ਸਾਥੀ ਪੋਰਟਲ ਨੂੰ ਚਲਾਉਣ ਬਾਰੇ ਮੁਕੰਮਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਕੋਈ ਵੀ ਡੀਲਰ ਬਿਨਾਂ ਪੋਰਟਲ ਤੋਂ ਕਿਸੇ ਵੀ ਤਰ੍ਹਾਂ ਦੀ ਬੀਜ ਦੀ ਵਿਕਰੀ ਨਹੀਂ ਕਰੇਗਾ। ਇਸ ਸਬੰਧੀ ਜੇਕਰ ਕਿਸੇ ਡੀਲਰ ਨੂੰ ਕੋਈ ਵੀ ਮੁਸ਼ਕਿਲ ਆਉਂਦੀ ਹੈ ਤਾਂ ਖੇਤੀਬਾੜੀ ਵਿਭਾਗ ਦੇ ਟੈਲੀਫੋਨ ਨੰਬਰ ਜਾਂ ਦਫ਼ਤਰ ਵਿਖੇ ਸੰਪਰਕ ਕਰ ਸਕਦਾ ਹੈ l ਉਨ੍ਹਾਂ ਦੱਸਿਆ ਕਿ ਪੋਰਟਲ ਦਾ ਮੰਤਵ ਕਿਸਾਨਾਂ ਨੂੰ ਸਹੀ ਅਤੇ ਮਿਆਰੀ ਬੀਜ ਮੁਹੱਈਆ ਕਰਵਾਉਣਾ ਅਤੇ ਕਿਸਾਨਾਂ ਦੀ ਜਿਨਸ ਦੀ ਗੁਣਵੱਤਾ ਨੂੰ ਵਧਾਉਣਾ ਹੈ l ਇਸ ਲਈ ਸਾਰੇ ਡੀਲਰ ਪੋਰਟਲ ਰਾਹੀਂ ਬੀਜ ਦੀ ਵਿਕਰੀ ਕਰਕੇ ਖੇਤੀਬਾੜੀ ਵਿਭਾਗ ਦਾ ਮੁਕੰਮਲ ਸਾਥ ਦੇਣ। ਇਸ ਮੌਕੇ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ ਖ਼ਾਲਸਾ ਵੱਲੋਂ ਖੇਤੀਬਾੜੀ ਵਿਭਾਗ ਦਾ ਸਾਥ ਦੇਣ ਲਈ ਪੂਰਨ ਭਰੋਸਾ ਦਿਵਾਇਆ ਗਿਆ। ਇਸ ਸਿਖਲਾਈ ਪ੍ਰੋਗਰਾਮ ਵਿਚ 23 ਬੀਜ ਡੀਲਰਾਂ ਨੇ ਭਾਗ ਲਿਆ।

# ਦਇਆਨੰਦ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਕੈਡੇਵਰ ਲਿਵਰ ਟ੍ਰਾਂਸਪਲਾਂਟ ਸਫਲਤਾਪੂਰਵਕ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਨੇ ਕੈਡੇਵਰ ਲਿਵਰ ਟ੍ਰਾਂਸਪਲਾਂਟ ਨੂੰ ਸਫਲਤਾਪੂਰਵਕ ਪੂਰਾ ਕਰਕੇ ਇੱਕ ਹੋਰ ਡਾਕਟਰੀ ਪ੍ਰਾਪਤੀ ਹਾਸਲ ਕੀਤੀ ਹੈ। ਇਹ ਪ੍ਰਾਪਤੀ ਕਪੂਰਥਲਾ ਦੇ 56 ਸਾਲਾ (ਪੁਰਸ਼) ਦਿਮਾਗੀ ਤੌਰ 'ਤੇ ਮ੍ਰਿਤ ਮਰੀਜ਼ ਦੇ ਪਰਿਵਾਰ ਦੇ ਫੈਸਲੇ ਦੁਆਰਾ ਸੰਭਵ ਹੋਈ ਹੈ ਜਿਸਨੇ ਸਟੇਟ ਆਰਗਨ ਐਂਡ ਟਿਸ਼ੂ ਟ੍ਰਾਂਸਪਲਾਂਟ ਆਰਗੇਨਾਈਜ਼ੇਸ਼ਨ ਰਾਹੀਂ ਅੰਗ ਦਾਨ ਕਰਨ ਲਈ ਸਹਿਮਤੀ ਦਿੱਤੀ ਸੀ। ਦਾਨੀ ਦੇ ਸਰੀਰ ਤੋਂ ਲਿਵਰ ਅਤੇ ਕੌਰਨੀਆ ਪ੍ਰਾਪਤ ਕੀਤੇ ਗਏ ਸਨ ਅਤੇ ਜਿਸ ਵਿਚੋਂ ਲਿਵਰ ਨੂੰ ਦਇਆਨੰਦ ਹਸਪਤਾਲ ਵਿਖੇ ਮੱਧ ਪ੍ਰਦੇਸ਼ ਦੇ ਇੱਕ 66 ਸਾਲਾ ਮਰਦ ਮਰੀਜ਼ ਵਿੱਚ ਟ੍ਰਾਂਸਪਲਾਂਟ ਕੀਤਾ ਗਿਆ ਸੀ ਅਤੇ ਕੌਰਨੀਆ ਨੂੰ ਹਸਪਤਾਲ ਵਿਖੇ ਸਟੋਰ ਕੀਤਾ ਗਿਆ।ਡਾ. ਗੁਰਸਾਗਰ ਸਿੰਘ ਸਹੋਤਾ, ਚੀਫ਼ ਲਿਵਰ ਟ੍ਰਾਂਸਪਲਾਂਟ ਸਰਜਨ; ਡਾ. ਪੀ. ਐਲ. ਗੌਤਮ, ਪ੍ਰੋਫੈਸਰ ਅਤੇ ਮੁਖੀ ਦੀ ਅਗਵਾਈ ਵਿੱਚ ਕ੍ਰਿਟੀਕਲ ਕੇਅਰ ਟੀਮ; ਡਾ. ਸੁਨੀਤ ਕਾਂਤ ਕਥੂਰੀਆ, ਪ੍ਰੋਫੈਸਰ ਅਤੇ ਮੁਖੀ ਦੀ ਅਗਵਾਈ ਹੇਠ ਅਨੱਸਥੀਸੀਆ ਟੀਮ ਸਮੇਤ ਉੱਚ ਹੁਨਰਮੰਦ ਟੀਮ ਦੇ ਸਹਿਯੋਗੀ ਯਤਨਾਂ ਦੁਆਰਾ ਲਿਵਰ ਟ੍ਰਾਂਸਪਲਾਂਟ ਸਫਲਤਾਪੂਰਵਕ ਕੀਤਾ ਗਿਆ।ਇਸ ਮੌਕੇ 'ਤੇ ਬੋਲਦਿਆਂ, ਸ਼੍ਰੀ ਬਿਪਿਨ ਗੁਪਤਾ, ਸਕੱਤਰ ਦਇਆਨੰਦ ਹਸਪਤਾਲ ਮੈਨੇਜਿੰਗ ਸੋਸਾਇਟੀ ਨੇ ਮੈਡੀਕਲ ਟੀਮ ਦੇ ਸਮਰਪਣ ਅਤੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ, ਇਸ ਜੀਵਨ-ਰੱਖਿਅਕ ਟ੍ਰਾਂਸਪਲਾਂਟ ਨੂੰ ਸੰਭਵ ਬਣਾਉਣ ਲਈ ਉਨ੍ਹਾਂ ਦੀ 24 ਘੰਟੇ ਦੀ ਵਚਨਬੱਧਤਾ ਨੂੰ ਮਾਨਤਾ ਦਿੱਤੀ। ਸ਼੍ਰੀ ਗੁਪਤਾ ਨੇ ਕਿਹਾ, 'ਦਾਨੀ ਦੀ' ਪਰਿਵਾਰ ਦੀ ਦਿਆਲਤਾ ਅਤੇ ਹਿੰਮਤ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ।ਪ੍ਰਿੰਸੀਪਲ, ਡਾ. ਜੀ.ਐਸ. ਵਾਂਡਰ ਨੇ ਪੂਰੀ ਟੀਮ ਨੂੰ ਵਧਾਈ ਦਿੱਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਸੀਂ ਦਾਨੀ ਪਰਿਵਾਰ ਦੇ ਉਨ੍ਹਾਂ ਦੇ ਕਿਸੇ ਹੋਰ ਮਨੁੱਖ ਨੂੰ ਜੀਵਨ ਦਾ ਤੋਹਫ਼ਾ ਦੇਣ ਦੇ ਨਿਰਸਵਾਰਥ ਕਾਰਜ ਲਈ ਤਹਿ ਦਿਲੋਂ ਧੰਨਵਾਦੀ ਹਾਂ।ਡਾ. ਸੰਦੀਪ ਸ਼ਰਮਾ, ਮੈਡੀਕਲ ਸੁਪਰਡੈਂਟ ਨੇ ਅੰਗ ਦਾਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਮੈਡੀਕਲ ਟੀਮਾਂ ਦੇ ਅਟੁੱਟ ਸਮਰਪਣ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਬੋਲਦਿਆਂ ਮੁੱਖ ਲਿਵਰ ਟ੍ਰਾਂਸਪਲਾਂਟ ਸਰਜਨ ਡਾ. ਗੁਰਸਾਗਰ ਸਿੰਘ ਸਹੋਤਾ ਨੇ ਕਿਹਾ ਕਿ ਮਰੀਜ਼ ਪੁਰਾਣੀ ਲਿਵਰ ਦੀ ਬਿਮਾਰੀ ਤੋਂ ਪੀੜਤ ਸੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਸੀ ਅਤੇ ਉਸਨੂੰ ਲਿਵਰ ਟ੍ਰਾਂਸਪਲਾਂਟ ਦੀ ਤੁਰੰਤ ਲੋੜ ਸੀ। ਦਾਨੀ ਦੇ ਪਰਿਵਾਰ ਦੇ ਇਸ ਨੇਕ ਕਾਰਜ ਨੇ ਇਸ ਲਿਵਰ ਮਰੀਜ਼ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ। ਅਸੀਂ ਦਾਨੀ ਪਰਿਵਾਰ ਨੂੰ ਜੀਵਨ ਦਾ ਤੋਹਫ਼ਾ ਦੇਣ ਦੇ ਉਨ੍ਹਾਂ ਦੇ ਨੇਕ ਫੈਸਲੇ ਲਈ ਸਲਾਮ ਕਰਦੇ ਹਾਂ। ਦਾਨੀ ਦੇ ਸਰੀਰ ਨੂੰ ਪੂਰੇ ਸਨਮਾਨ ਨਾਲ ਉਸਦੇ ਨਿਵਾਸ ਸਥਾਨ 'ਤੇ ਵਾਪਸ ਲਿਆਂਦਾ ਗਿਆ ਅਤੇ ਹਸਪਤਾਲ ਦੇ ਸਟਾਫ ਦੁਆਰਾ ਦਿਲੋਂ ਸ਼ਰਧਾਂਜਲੀ ਦਿੱਤੀ ਗਈ। ਤਸਵੀਰ ਵਿੱਚ ਅੰਗ ਦਾਨ ਕਰਨ ਵਾਲੇ ਮਿਰਤ ਵਿਅਕਤੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਸਟਾਫ ਤੋਂ ਇਲਾਵਾ ਪ੍ਰਿੰਸੀਪਲ ਡਾ. ਜੀ ਐਸ ਵਾਂਡਰ, ਸਕੱਤਰ ਬਿਪਿਨ ਗੁਪਤਾ ਆਦਿ

# ਭਾਜਪਾ ਆਗੂ ਮਨੋਰੰਜਨ ਕਾਲੀਆ ਤੇ ਹੋਏ ਹਮਲੇ ਦੀ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 11 ਅਪ੍ਰੈਲ ( ਪਤਰ ਪ੍ਰੇਰਕ):- ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ ਤੇ ਹੋਏ ਹਮਲੇ ਦੀ ਨਿਖੇਧੀ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਸਵਰਨ ਸਿੰਘ ਸੈਂਪਲਾਂ ਨੇ ਕਿਹਾ ਕਿ ਮਨੋਰੰਜਨ ਕਾਲੀਆ ਭਾਜਪਾ ਦੇ ਸੀਨੀਅਰ ਤੇ ਕੱਦਾਵਰ ਆਗੂ ਹਨ ਜਿਨਾ ਤੇ ਹਮਲੇ ਨਾਲ ਆਮ ਲੋਕਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ,ਉਨਾ ਮੁੱਖ ਮੰਤਰੀ ਭਗਵੰਤ ਮਾਨ ਤੇ ਮੰਗ ਕੀਤੀ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੁਖਤਾ ਤੇ ਠੋਸ ਕਦਮ ਚੁੱਕੇ ਜਾਣ ਤਾਂ ਜੋ ਪੰਜਾਬ ਦੇ ਲੋਕ ਖੁਦ ਨੂੰ ਸੁਰੱਖਿਅਤ ਮਹਿਸੂਸ ਕਰਨ ਤੇ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖੀ ਜਾ ਸਕੇ। ਇਸ ਮੌਕੇ ਭਾਜਪਾ ਮਹਿਲਾ ਮੋਰਚਾ ਜ਼ਿਲ੍ਹਾ ਪ੍ਰਧਾਨ ਮੋਨਿਕਾ ਕੱਕੜ,ਮੰਡਲ ਪ੍ਰਧਾਨ ਰਾਜੇਸ਼ ਭਾਟੀਆ ਆਦਿ ਹਾਜ਼ਰ ਸਨ।



# ਮੁਸਲਿਮ ਸੰਗਠਨ ਆਫ ਪੰਜਾਬ ਅਤੇ ਹੋਰ ਜਥੇਬੰਦੀਆਂ ਵੱਲੋਂ ਵਕਫ਼ ਸੋਧ ਕਾਨੂੰਨ ਵਿਰੁੱਧ ਰੋਹ ਭਰਪੂਰ ਮੁਜਾਹਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਮੁਸਲਿਮ ਸੰਗਠਨ ਆਫ ਪੰਜਾਬ ਅਤੇ ਹੋਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਵਕਫ ਸੋਧ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਨੂੰ ਲੈਕੇ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)ਨਿਊ ਡੈਮੋਕਰੇਸੀ ਨੇ ਭਰਵੀਂ ਸ਼ਮੂਲੀਅਤ ਕੀਤੀ।ਮੁਜ਼ਾਹਰਾਕਾਰੀ ਪਹਿਲਾਂ ਸਥਾਨਕ ਮਸਜਿਦ ਵਿੱਚ ਇਕੱਠ ਹੋਏ ਜਿਸ ਉਪਰੰਤ ਸ਼ਹਿਰ ਵਿੱਚ ਮੁਜਾਹਰਾ ਕਰਕੇ ਰਾਸ਼ਟਰਪਤੀ ਦੇ ਨਾਂਅ ਜਿਲਾ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਿਆ। ਡੀ.ਸੀ ਦਫਤਰ ਅੱਗੇ ਦਿੱਤੇ ਗਏ ਧਰਨੇ ਨੂੰ ਮੁਸਲਿਮ ਸੰਗਠਨ ਆਫ ਪੰਜਾਬ ਦੇ ਪ੍ਰਧਾਨ ਐਡਵੋਕੇਟ ਨਈਮ,ਜਮਾਇਤ-ਏ-ਉਲਮਾਏ ਹਿੰਦ ਜਿਲਾ ਜਲੰਧਰ ਦੇ ਪ੍ਰਧਾਨ ਮਜ਼ਹਰ ਆਲਮ,ਮੁਸਲਿਮ ਸੰਗਠਨ ਆਫ ਪੰਜਾਬ ਦੇ ਜਿਲਾ ਪ੍ਰਧਾਨ ਨਿਜ਼ਾਮ ,ਜਮਾਇਤ-ਏ-ਉਲਮਾਏ ਹਿੰਦ ਦੇ ਜਿਲਾ ਨਵਾਂਸ਼ਹਿਰ ਦੇ ਪ੍ਰਧਾਨ ਡਾਕਟਰ ਅਸ਼ਰਫ , ਸੀ.ਪੀ ਆਈ(ਐਮ. ਐਲ) ਐਨ.ਡੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਦੇ ਕਨਵੀਨਰ ਦਲਜੀਤ ਸਿੰਘ ਐਡਵੋਕੇਟ, ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ ,ਡਾਕਟਰ ਭਵਨ ਦੇ ਪ੍ਰਧਾਨ ਸਤੀਸ਼ ,ਇਸਤਖਾਰ,ਇਰਸ਼ਾਦ, ਜਾਵੇਦ ਅਤੇ ਸਲੀਮ ਨੇ ਕਿਹਾ ਕਿ ਘੱਟ ਗਿਣਤੀਆਂ, ਖਾਸ ਕਰਕੇ ਮੁਸਲਿਮ ਭਾਈਚਾਰੇ ਉੱਤੇ ਹੁੰਦੇ ਹਮਲਿਆਂ ਨੂੰ ਤੇਜ਼ ਕਰਦੇ ਹੋਏ ਮੋਦੀ ਸਰਕਾਰ ਨੇ ਵਕਫ਼ (ਸੋਧ) ਕਾਨੂੰਨ ਦੋਵੇਂ ਸਦਨਾਂ ਵਿਚੋਂ ਜਬਰਦਸਤੀ ਪਾਸ ਕਰਵਾਇਆ ਹੈ। ਇਸ ਦਾ ਅਸਲੀ ਉਦੇਸ਼ ਮੁਸਲਮਾਨ ਭਾਈਚਾਰੇ ਦੇ ਵਕਫ਼ ਸੰਪਤੀਆਂ ਦੇ ਪ੍ਰਬੰਧਨ ਨੂੰ ਉਨ੍ਹਾਂ ਤੋਂ ਖੋਹ ਕੇ ਸਰਕਾਰ ਦੇ ਹੱਥ ਵਿੱਚ ਦੇਣਾ ਹੈ। ਮੋਦੀ ਸਰਕਾਰ ਦੇ ਵਕਫ਼ ਕਾਨੂੰਨ ਨੇ ਵਕਫ਼ ਸੰਪਤੀਆਂ ਦੇ ਪ੍ਰਬੰਧਨ ਤੋਂ ਮੁਸਲਮਾਨ ਭਾਈਚਾਰੇ ਦੇ ਪ੍ਰਤਿਨਿਧੀਆਂ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਹੈ। ਹੁਣ ਬੋਰਡ ਦੇ ਸਾਰੇ ਮੈਂਬਰ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ, ਜਿਸ ਨਾਲ ਭਾਈਚਾਰੇ ਦੁਆਰਾ ਚੁਣੇ ਜਾਣ ਦੀ ਪ੍ਰਕਿਰਿਆ ਨੂੰ ਖਤਮ ਕਰ ਦਿੱਤਾ ਗਿਆ ਹੈ।ਉਹਨਾਂ ਕਿਹਾ ਕਿ ਨਵੇਂ ਕਾਨੂੰਨ ਵਿੱਚ ਹਰ ਸੂਬਾਈ ਬੋਰਡ ਵਿੱਚ ਦੋ ਹੋਰ ਭਾਈਚਾਰਿਆਂ (ਗੈਰ ਮੁਸਲਮਾਨ) ਦੇ ਮੈਂਬਰ ਸ਼ਾਮਿਲ ਕਰਨ ਦੀ ਲਾਜ਼ਮੀ ਸ਼ਰਤ ਰੱਖੀ ਗਈ ਹੈ। ਇਹ ਸਾਫ਼ ਹੈ ਕਿ ਇਹ ਸਾਰੀ ਯੋਜਨਾ ਵਕਫ਼ ਸੰਪਤੀਆਂ ਤੋਂ ਮੁਸਲਮਾਨ ਭਾਈਚਾਰੇ ਦਾ ਕੰਟਰੋਲ ਖਤਮ ਕਰਕੇ ਉਸਨੂੰ ਸਰਕਾਰ ਦੇ ਹੱਥਾਂ ਵਿੱਚ ਦੇਣ ਦੀ ਹੈ। ਆਗੂਆਂ ਨੇ ਕਿਹਾ ਕਿ ਨਵਾਂ ਕਾਨੂੰਨ ਭਾਈਚਾਰੇ ਤੋਂ ਪ੍ਰਬੰਧਨ ਦਾ ਅਧਿਕਾਰ ਖੋਹਦਾ ਹੈ, ਜਿੱਥੇ ਬੋਰਡ ਦੇ 11 ਮੈਂਬਰਾਂ ਵਿੱਚੋਂ ਸਿਰਫ 4 ਮੁਸਲਮਾਨ ਹੋਣ ਲਾਜ਼ਮੀ ਹਨ। ਇਸ ਤਰੀਕੇ ਨਾਲ 7 ਮੈਂਬਰ ਗੈਰ ਮੁਸਲਮਾਨ ਹੋ ਸਕਦੇ ਹਨ, ਅਤੇ ਮੁਸਲਮਾਨ ਮੈਂਬਰਾਂ ਦੀ ਰਾਏ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਹੋ ਸਕਦਾ ਹੈ। ਵਕਫ਼ ਉਹ ਦਾਨ ਹੁੰਦੇ ਹਨ ਜੋ ਮੁਸਲਮਾਨ ਧਾਰਮਿਕ ਜਾਂ ਚੈਰੀਟੇਬਲ ਉਦੇਸ਼ਾਂ ਲਈ ਦਿੰਦੇ ਹਨ। ਵਕਫ਼ ਬੋਰਡ ਇਤਿਹਾਸਕ ਮਸਜਿਦਾਂ, ਮਕਬਰੇ, ਕਬਰਸਤਾਨ, ਈਦਗਾਹਾਂ, ਦੁਕਾਨਾਂ ਅਤੇ ਲੱਖਾਂ ਏਕੜ ਜ਼ਮੀਨ ਦਾ ਪ੍ਰਬੰਧ ਕਰਦੇ ਹਨ। ਸਚਾਰ ਕਮੇਟੀ ਦੀ ਰਿਪੋਰਟ ਮੁਤਾਬਕ 6 ਲੱਖ ਏਕੜ ਤੋਂ ਵੱਧ ਜ਼ਮੀਨ ਵਕਫ਼ ਦੇ ਅਧੀਨ ਹੈ। ਨਵਾਂ ਕਾਨੂੰਨ ਵਕਫ਼ ਸੰਪਤੀਆਂ 'ਤੇ ਨਜ਼ਰ ਗੜ੍ਹਾ ਰਿਹਾ ਹੈ, ਖਾਸ ਕਰਕੇ ਸ਼ਹਿਰੀ ਇਲਾਕਿਆਂ ਵਿੱਚ ਮੌਜੂਦ ਕੀਮਤੀ ਸੰਪਤੀਆਂ ਉੱਤੇ। ਸਚਾਰ ਕਮੇਟੀ ਨੇ ਦੱਸਿਆ ਕਿ ਦਿੱਲੀ ਸਮੇਤ ਪੰਜ ਰਾਜਾਂ ਵਿੱਚ 604 ਵਕਫ਼ ਸੰਪਤੀਆਂ ਸਰਕਾਰ ਦੁਆਰਾ ਗੈਰ ਕਾਨੂੰਨੀ ਕਬਜ਼ੇ ਵਿੱਚ ਹਨ। ਇਹ ਹਮਲਾ ਆਰ.ਐਸ.ਐਸ-ਭਾਜਪਾ ਦੀ ਘੱਟ ਗਿਣਤੀਆਂ ਖਿਲਾਫ਼ ਫਾਸ਼ੀਵਾਦੀ ਹਮਲਾ ਹੈ। ਉਹ ਮੁਸਲਮਾਨਾਂ ਦੇ ਨੌਕਰੀ, ਰੋਜ਼ਗਾਰ, ਰਿਹਾਇਸ਼, ਭੋਜਨ ਦੀ ਆਜ਼ਾਦੀ ਤੋਂ ਲੈ ਕੇ ਧਾਰਮਿਕ ਅਧਿਕਾਰਾਂ ਤੱਕ ਉਨ੍ਹਾਂ ਉੱਤੇ ਹਮਲੇ ਕਰ ਰਹੇ ਹਨ। ਵਪਾਰਿਕ ਵਹਿਸ਼ਕਾਰ ਦੀਆਂ ਮੰਗਾਂ, ਹਿੰਸਕ ਹਮਲੇ, ਅਤੇ ਹੁਣ ਇਹ ਕਾਨੂੰਨੀ ਹਮਲੇ।ਇਹ ਸਭ ਇਕ ਸਮੁੱਚੇ ਹਮਲੇ ਦਾ ਹਿੱਸਾ ਹਨ।

# ਸਰਕਾਰੀ ਮਿਡਲ ਸਕੂਲ ਓਇੰਦ ਨੂੰ ਦਾਨੀ ਸੱਜਣਾ ਵੱਲੋਂ ਵਾਟਰ ਕੂਲਰ ਕੀਤਾ ਗਿਆ ਭੇਟ

## ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਨਗਦ ਰਾਸ਼ੀ ਨਾਲ ਕੀਤਾ ਗਿਆ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 10 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਸਰਕਾਰੀ ਮਿਡਲ ਸਕੂਲ ਓਇੰਦ ਵਿਖੇ ਸ.ਅਮਰਜੀਤ ਸਿੰਘ ਅਤੇ ਸ. ਗੁਰਪ੍ਰੀਤ ਸਿੰਘ ਯੂਐਸਏ ਵੱਲੋਂ ਵਾਟਰ ਕੂਲਰ ਭੇਟ ਕੀਤਾ ਗਿਆ। ਜਿਸ ਦੀ ਜਾਣਕਾਰੀ ਦਿੰਦਿਆਂ ਸਕੂਲ ਦੀ ਇਨਚਾਰਜ ਸੀਮਾ ਰਾਣੀ ਨੇ ਦੱਸਿਆ ਕਿ ਗਰਮੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਪਿੰਡ ਦੇ ਦਾਨੀ ਸੱਜਣਾਂ ਵੱਲੋਂ ਬੱਚਿਆਂ ਦੇ ਠੰਡਾ ਪਾਣੀ ਪੀਣ ਲਈ ਵਾਟਰ ਕੂਲਰ ਦਾਨ ਕਰਨ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਸਕੂਲ ਮੈਨੇਜਮੈਂਟ ਕਮੇਟੀ ਤੇ ਸਮੂਹ ਪੰਚਾਇਤ ਮੈਂਬਰਾਂ ਦੀ ਹਾਜ਼ਰੀ 'ਚ ਅੱਠਵੀਂ ਦੀ ਬੋਰਡ ਦੀ ਪ੍ਰੀਖਿਆ 'ਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇੰਚਾਰਜ ਮੈਡਮ ਸੀਮਾ ਰਾਣੀ ਨੇ ਦੱਸਿਆ ਕਿ ਸਾਡੇ ਸਕੂਲ ਦੀ ਬੱਚੀ ਕਰਨਜੋਤ ਕੌਰ ਨੇ 600 ਵਿੱਚੋਂ 571 ਅੰਕ ਪ੍ਰਾਪਤ ਕਰਕੇ ਪਹਿਲੀ ਪੁਜੀਸ਼ਨ ਤੇ ਮੋਰਿੰਡਾ ਬਲਾਕ 'ਚ ਦੂਜੀ ਪੁਜੀਸ਼ਨ ਹਾਸਲ ਕੀਤੀ। ਐਸ਼ਮੀਨ ਕੌਰ ਨੇ 600 'ਚੋਂ 570 ਅੰਕ ਪ੍ਰਾਪਤ ਕਰਕੇ ਦੂਜੀ ਅਤੇ ਬਲਾਕ ਪੱਧਰ ਤੇ ਤੀਜੀ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਸੁਮਨਪ੍ਰੀਤ ਕੌਰ ਨੇ 600 ਚੋਂ 563 ਅੰਕ ਪ੍ਰਾਪਤ ਕਰਕੇ ਜਮਾਤ 'ਚੋਂ ਤੀਜੀ ਪੁਜੀਸ਼ਨ ਹਾਸਲ ਕੀਤੀ। ਸਮੂਹ ਸਕੂਲ ਸਟਾਫ ਅਤੇ ਮੈਨੇਜਮੈਂਟ ਕਮੇਟੀ ਵੱਲੋਂ ਬਲਾਕ ਪੱਧਰ ਤੇ ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਤੇ ਵਿਦਿਆਰਥਣਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਲਈ ਵੀ ਵਧੀਆ ਪੜ੍ਹਾਈ ਕਰਨ ਲਈ ਉਤਸ਼ਾਹਤ ਤੇ ਪ੍ਰੇਰਤ ਕੀਤਾ। ਇਸ ਮੌਕੇ ਸਕੂਲ ਇੰਚਾਰਜ ਸੀਮਾ ਰਾਣੀ, ਜੋਤੀ ਸਾਹੀ, ਹਰਪ੍ਰੀਤ ਕੌਰ, ਅਜੀਤ ਸਿੰਘ, ਚੇਅਰਮੈਨ ਸੁਰਮੁਖ ਸਿੰਘ ਬਾਬਾ, ਮੇਜਰ ਸਿੰਘ ਸਰਪੰਚ, ਭੁਪਿੰਦਰ ਸਿੰਘ ਪੰਚ, ਜਸਪ੍ਰੀਤ ਸਿੰਘ ਪੰਚ, ਗੁਰਜਿੰਦਰ ਸਿੰਘ ਪੰਚ, ਕੁਲਦੀਪ ਕੌਰ ਪੰਚ, ਸੁਖਵਿੰਦਰ ਕੌਰ ਪੰਚ, ਸਰਦੂਲ ਸਿੰਘ, ਕਵਲਜੀਤ ਸਿੰਘ, ਤੇ ਸਮੂਹ ਪੰਚਾਇਤ ਮੈਂਬਰ ਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਅਯੋਜਿਤ ਅੰਤਰ ਕਾਲਜ ਯੁਵਕ ਮੇਲੇ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com



ਨ ਵਾਂ ਸ਼ ਹਿ ਰ / ਬੰ ਗਾ (ਸਤਨਾਮ ਸਿੰਘ ਸਹੂੰਗੜਾ) ਸਥਾਨਿਕ ਸਿੱਖ ਨੈਸ਼ਨਲ ਕਾਲਜ ਬੰਗਾ ਵੱਲੋਂ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਕਾਲਜ ਕੈਂਪਸ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਯੂਨਿਟ ਦੇ ਵਿਦਿਆਰਥੀਆਂ ਵੱਲੋਂ ਇੱਕ ਦਿਨਾਂ ਅੰਤਰ ਕਾਲਜ ਯੁਵਕ ਮੇਲਾ 2025 ਜੋ ਕਿ ਗੁਰੂ ਤੇਗ ਬਹਾਦਰ ਕਾਲਜ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਵਿਚ ਭਾਗ ਲਿਆ। ਇਹ ਅੰਤਰ ਕਾਲਜ ਯੁਵਕ ਮੇਲਾ ਗੁਰੂ ਗੋਬਿੰਦ ਸਟੱਡੀ ਸਰਕਲ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ ।ਇਸ ਮੇਲੇ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਤੇ ਧਾਰਮਿਕ ਖੇਤਰ ਵਿੱਚ ਵਿਦਿਆਰਥੀਆਂ ਦੀ ਅਗਵਾਈ ਕਰਨਾ ਹੈ।ਇਸ ਯੁਵਕ ਮੇਲੇ ਵਿੱਚ ਰੋਪੜ-ਨਵਾਂਸ਼ਹਿਰ ਜ਼ੋਨ ਦੇ ਕਾਲਜਾਂ ਵੱਲੋਂ ਭਾਗ ਲਿਆ ਗਿਆ।ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕੈਂਪਸ ਵਿੱਚ ਚੱਲ ਰਹੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੁਖੀ ਪ੍ਰੋਫੈਸਰ ਤਜਿੰਦਰ ਸਿੰਘ ,ਸ ਮਨਮੰਤ ਸਿੰਘ ਲਾਇਬ੍ਰੇਰੀਅਨ ਤੇ ਸ. ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਇਸ ਯੁਵਕ ਮੇਲੇ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਕਾਲਜ ਕੈਂਪਸ ਤੋਂ ਗੁਰਬਾਣੀ ਕੰਠ, ਕਵਿਤਾ, ਭਾਸ਼ਣ, ਪੋਸਟਰ ਮੇਕਿੰਗ ਤੇ ਕੁਇਜ਼ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਵਿੱਚੋਂ ਭਾਸ਼ਣ ਵਿੱਚੋਂ ਕਿਰਨ ਨੇ ਦੂਜਾ, ਕਵਿਤਾ ਵਿੱਚੋਂ ਸੁਖਮਨਵੀਰ ਸਿੰਘ ਨੇ ਦੂਜਾ ਤੇ ਪੋਸਟਰ ਮੇਕਿੰਗ ਵਿੱਚੋਂ ਹਰਸ਼ਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ। ਇਸ ਯੁਵਕ ਮੇਲੇ ਵਿੱਚ ਸਿੱਖ ਨੈਸ਼ਨਲ ਕਾਲਜ ਨੇ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆ ।ਕਾਲਜ ਕੈਂਪਸ ਵਿੱਚ ਪੁੱਜਣ ਤੇ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਨੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਇਹ ਸਮੇਂ ਦੀ ਮੱਖ ਲੋੜ ਹੈ ਕਿ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਦਿੱਤੀ ਜਾਵੇ ਤੇ ਆਪਣੇ ਅਧਿਆਤਮਕ ਵਿਰਸੇ ਨਾਲ ਜੋੜਿਆ ਜਾਵੇ। ਇਸ ਤਰ੍ਹਾਂ ਦੇ ਯੁਵਕ ਮੇਲੇ ਵਿਦਿਆਰਥੀਆਂ ਲਈ ਸੇਧ ਬਣਨਗੇ। ਸਿੱਖ ਨੈਸ਼ਨਲ ਕਾਲਜ ਬੰਗਾ ਹਮੇਸ਼ਾ ਤੋਂ ਆਪਣੇ ਇਹਨਾਂ ਇਖ਼ਲਾਕੀ ਫਰਜ਼ਾ ਨੂੰ ਪਛਾਣਦਾ ਹੋਇਆ ਯਤਨਸ਼ੀਲ ਰਹਿੰਦਾ ਹੈ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵਲੰਟੀਅਰ ਜਸਮੀਨ ਕੌਰ , ਗੁਰਪ੍ਰੀਤ ਸਿੰਘ, ਪ੍ਰਭਜੀਤ ਸਿੰਘ, ਅਮਰਪ੍ਰੀਤ ਸਿੰਘ, ਕੋਮਲ, ਸਮਰੱਥ ਸਿੰਘ ਤੇ ਗੁਰਪ੍ਰੀਤ ਕੌਰ ਨੂੰ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਹੁਰਾਂ ਇਸ ਮੌਕੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਾਬਕਾ ਤੇ ਮੌਜੂਦਾ ਵਿਦਿਆਰਥੀਆਂ ਦੇ ਸੰਬੰਧ ਮਜਬੂਤ ਬਣਾਉਣ ਲਈ ਮਿਲਣੀ ਸਮਾਗਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਅਪਰੈਲ
INTERNATIONAL PAPER, 94636 01616
hardipchumber57@gmail.com




